ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

You Tube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 21 ਦਸੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੭ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਸ਼ਹੀਦੀ ਹਫ਼ਤਾ (21 ਦਸੰਬਰ)

ਸਿੱਖ ਧਰਮ ਵਿੱਚ 21 ਦਸੰਬਰ ਤੋਂ ਲੈ ਕੇ ਅਗਲਾ ਇੱਕ ਹਫ਼ਤਾ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ ’ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰਾ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਰੋਜ਼ਾਨਾ ਦੱਸ ਰਹੇ ਹਾਂ।



ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡੇ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ ’ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV Exclusive News

### ਜੰਗਲ ’ਚ ਖੜੀ ਕਾਰ ’ਚੋਂ ਮਿਲਿਆ 52 ਕਿਲੋ ਸੋਨਾ, 15 ਕਰੋੜ ਦੀ ਨਕਦੀ

**ਨਵੀਂ ਦਿੱਲੀ, 20 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ’ਚ ਆਮਦਨ ਕਰ ਵਿਭਾਗ ਨੇ ਵੱਡੀ ਕਾਰਵਾਈ ਕੀਤੀ ਹੈ। ਇੱਥੇ ਇਨਕਮ ਟੈਕਸ ਦੀ ਛਾਪੇਮਾਰੀ ਵਿੱਚ 52 ਕਿਲੋ ਸੋਨਾ ਅਤੇ 15 ਕਰੋੜ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਇਹ ਰਕਮ ਜੰਗਲ ਵਿੱਚ ਖੜ੍ਹੀ ਇੱਕ ਕਾਰ ਵਿੱਚੋਂ ਬਰਾਮਦ ਕੀਤੀ ਗਈ। ਇੰਨੀ ਵੱਡੀ ਮਾਤਰਾ ’ਚ ਸੋਨਾ ਅਤੇ ਨਕਦੀ ਦੇਖ ਕੇ ਆਮਦਨ ਕਰ ਵਿਭਾਗ ਦੇ ਅਧਿਕਾਰੀ ਵੀ ਦੰਗ ਰਹਿ ਗਏ। ਫਿਲਹਾਲ ਇਸ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਇਹ ਛਾਪੇਮਾਰੀ ਭੋਪਾਲ ਨੇੜੇ ਸਥਿਤ ਮੇਂਡੋਰੀ ਦੇ ਜੰਗਲਾਂ ’ਚ ਇੱਕ ਕਾਰ ’ਤੇ ਕੀਤੀ ਗਈ। ਇਸ ਦੌਰਾਨ ਕਾਰ ’ਚੋਂ ਭਾਰੀ ਮਾਤਰਾ ’ਚ ਸੋਨਾ ਅਤੇ ਨਕਦੀ ਬਰਾਮਦ ਹੋਈ। ਭ੍ਰਿਸ਼ਟਾਚਾਰ ਅਤੇ ਗੈ਼ਰ-ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਆਮਦਨ ਕਰ ਵਿਭਾਗ ਦੀ ਟੀਮ ਨੇ ਛਾਪਾ ਮਾਰ ਕੇ ਕਾਰਵਾਈ ਕੀਤੀ। ਆਮਦਨ ਕਰ ਵਿਭਾਗ ਦੀ ਇਸ ਕਾਰਵਾਈ ਵਿੱਚ 100 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਟੀਮ ਸ਼ਾਮਲ ਸੀ। ਇਹ ਛਾਪੇਮਾਰੀ ਲੋਕਾਯੁਕਤ ਤੇ ਆਮਦਨ ਕਰ ਵਿਭਾਗ ਦੀ ਸਾਂਝੀ ਕਾਰਵਾਈ ਦਾ ਹਿੱਸਾ ਸੀ ਜੋ ਦੋ ਦਿਨਾਂ ਤੋਂ ਜਾਰੀ ਸੀ। ਇਸ ਤੋਂ ਪਹਿਲਾਂ ਇਨਕਮ ਟੈਕਸ ਵਿਭਾਗ ਨੇ ਭੋਪਾਲ ਤੇ ਇੰਦੌਰ ’ਚ ਇੱਕ ਵੱਡੀ ਕੰਸਟ੍ਰਕਸ਼ਨ ਕੰਪਨੀ ਦੇ 51 ਟਿਕਾਣਿਆਂ ’ਤੇ ਛਾਪੇਮਾਰੀ ਕੀਤੀ ਸੀ। ਛਾਪੇਮਾਰੀ ਦੌਰਾਨ ਇੰਨੀ ਵੱਡੀ ਮਾਤਰਾ ’ਚ ਸੋਨਾ ਅਤੇ ਨਕਦੀ ਦੇਖ ਕੇ ਆਮਦਨ ਕਰ ਵਿਭਾਗ ਦੇ ਅਧਿਕਾਰੀ ਵੀ ਹੈਰਾਨ ਰਹਿ ਗਏ।

### ਕਿਸਾਨ ਅੰਦੋਲਨ : ਹਰਿਆਣਾ ਦੀਆਂ 102 ਖਾਪਾਂ ਨੇ ਕਰ ਦਿੱਤਾ ਵੱਡਾ ਐਲਾਨ

# ਸਰਕਾਰ ਨੂੰ ਪਿਆ ਵਖਤ

**ਚੰਡੀਗੜ੍ਹ, 20 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਾਰੇ ਕਿਸਾਨ ਅੰਦੋਲਨ ਮੁੜ ਭਖ ਗਿਆ ਹੈ। ਪੰਜਾਬ ਤੋਂ ਬਾਅਦ ਹੁਣ ਹਰਿਆਣਾ ਦੇ ਕਿਸਾਨਾਂ ਨੇ ਵੀ ਵੱਡਾ ਐਲਾਨ ਕਰ ਦਿੱਤਾ ਹੈ। ਹਰਿਆਣਾ ਦੀਆਂ 102 ਖਾਪਾਂ ਨੇ ਹਰਿਆਣਾ ਤੇ ਪੰਜਾਬ ਦੀ ਸਰਹੱਦ ’ਤੇ ਸ਼ੰਭੂ-ਖਨੌਰੀ ਬਾਰਡਰਾਂ ’ਤੇ ਚੱਲ ਰਹੇ ਕਿਸਾਨ ਅੰਦੋਲਨ ਦੀ ਹਮਾਇਤ ਦਾ ਐਲਾਨ ਕਰ ਦਿੱਤੀ ਹੈ। ਇਸ ਦੇ ਨਾਲ ਹੀ ਦੇਸ਼ ਭਰ ਦੀਆਂ ਹੋਰ ਕਿਸਾਨ ਜਥੇਬੰਦੀਆਂ ਵੀ ਮੈਦਾਨ ਵਿੱਚ ਨਿੱਤਰਣ ਲਈ ਤਿਆਰ ਹੋ ਗਈਆਂ ਹਨ। ਅਗਲੇ ਦਿਨਾਂ ਵਿੱਚ ਅੰਦੋਲਨ ਦੇਸ਼ ਅੰਦਰ ਫੈਲ ਸਕਦਾ ਹੈ। ਦਰਅਸਲ ਸ਼ੰਭੂ-ਖਨੌਰੀ ਸਰਹੱਦ ’ਤੇ ਚੱਲ ਰਹੇ ਕਿਸਾਨ ਅੰਦੋਲਨ ਦੇ ਸਮਰਥਨ ’ਚ ਹਰਿਆਣਾ ਦੀਆਂ ਖਾਪ ਪੰਚਾਇਤਾਂ ਖੁੱਲ੍ਹੇਆਮ ਇਕੱਠੇ ਹੋ ਗਈਆਂ ਹਨ। ਖਾਪਾਂ ਨੇ ਜਿੱਥੇ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਮੰਚ ’ਤੇ ਲਿਆਉਣ ਦੀ ਮੁਹਿੰਮ ਸ਼ੁਰੂ ਕੀਤੀ ਹੈ, ਉੱਥੇ ਹੀ 29 ਦਸੰਬਰ ਨੂੰ ਹਿਸਾਰ ’ਚ ਮਹਾਪੰਚਾਇਤ ਕਰਵਾਉਣ ਦਾ ਵੀ ਐਲਾਨ ਕੀਤਾ ਹੈ। ਇਸ ਮਹਾਪੰਚਾਇਤ ਵਿੱਚ ਸੰਘਰਸ਼ ਦੀ ਅਗਲੀ ਰਣਨੀਤੀ ਬਣਾ ਕੇ ਅਗਲੇ ਐਕਸ਼ਨ ਦਾ ਐਲਾਨਵ ਕੀਤਾ ਜਾਏਗਾ। ਦੱਸ ਦਈਏ ਕਿ ਹਰਿਆਣਾ ਦੀਆਂ 102 ਖਾਪਾਂ ਵੱਲੋਂ ਬਣਾਈ ਗਈ 11 ਮੈਂਬਰੀ ਕਮੇਟੀ ਨੇ ਵੀਰਵਾਰ ਨੂੰ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਮੀਟਿੰਗ ਤੋਂ ਬਾਅਦ ਇਹ ਫੈਸਲਾ ਲਿਆ ਹੈ। ਖਾਪ ਨੇਤਾਵਾਂ ਨੇ 29 ਦਸੰਬਰ ਨੂੰ ਹਿਸਾਰ ਦੇ ਬਾਸ ਪਿੰਡ ’ਚ ਮਹਾਪੰਚਾਇਤ ਦਾ ਐਲਾਨ ਕਰਦੇ ਹੋਏ ਕਿਹਾ ਕਿ ਮਹਾਪੰਚਾਇਤ ’ਚ ਸਾਰੀਆਂ 102 ਖਾਪਾਂ ਤੇ ਕਿਸਾਨ ਸੰਗਠਨਾਂ ਨੂੰ ਬੁਲਾਇਆ ਜਾ ਰਿਹਾ ਹੈ। ਇਸ ਨੂੰ ਸਫ਼ਲ ਬਣਾਉਣ ਲਈ ਜਨ ਸੰਪਰਕ ਮੁਹਿੰਮ ਵੀ ਚਲਾਈ ਜਾ ਰਹੀ ਹੈ। ਖਾਪ ਨੁਮਾਇੰਦਿਆਂ ਨੇ ਕਿਹਾ ਕਿ ਜੇਕਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਕੁਝ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਕਿਸਾਨ ਸ਼ਾਂਤੀਪੂਰਵਕ ਦਿੱਲੀ ਜਾਣ ਲਈ ਤਿਆਰ ਹਨ, ਇਸ ਲਈ ਉਨ੍ਹਾਂ ਨੂੰ ਅੱਗੇ ਜਾਣ ਦਿੱਤਾ ਜਾਵੇ। ਉਧਰ, ਹਰਿਆਣਾ-ਪੰਜਾਬ ਦੀ ਖਨੌਰੀ ਸਰਹੱਦ ’ਤੇ 25 ਦਿਨਾਂ ਤੋਂ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਲੈ ਕੇ ਸੁਪਰੀਮ ਕੋਰਟ ’ਚ ਅੱਜ ਸ਼ੁੱਕਰਵਾਰ ਲਗਾਤਾਰ ਤੀਜੇ ਦਿਨ ਸੁਣਵਾਈ ਹੋਈ। ਪੰਜਾਬ ਸਰਕਾਰ ਦੇ ਅਟਾਰਨੀ ਜਨਰਲ ਗੁਰਮਿੰਦਰ ਸਿੰਘ ਨੇ ਡੱਲੇਵਾਲ ਦੀ ਸਿਹਤ ਨਾਲ ਸਬੰਧਤ ਤਾਜ਼ਾ ਰਿਪੋਰਟ ਪੇਸ਼ ਕੀਤੀ।



### ਮੋਦੀ ਸਰਕਾਰ ਵੱਲੋਂ ਭੇਜਿਆ ਖਰੜਾ ਵੇਖਦਿਆਂ ਹੀ ਭੜਕ ਉੱਠੇ ਕਿਸਾਨ, ਬੋਲੇ...ਇਹ ਤਾਂ ਖੇਤੀ ਕਾਨੂੰਨਾਂ ਨੂੰ ਵਾਪਸ ਲਿਆਉਣ ਦੀ ਚਾਲ

**ਨਵੀਂ ਦਿੱਲੀ, 20 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਨੇ ਮੋਦੀ ਸਰਕਾਰ ਦੀ ‘ਕੌਮੀ ਖੇਤੀ ਮੰਡੀ ਨੀਤੀ’ ਨੂੰ ਵੰਗਾਰਿਆ ਹੈ। ਸੰਯੁਕਤ ਕਿਸਾਨ ਮੋਰਚਾ ਨੇ ਪੰਜਾਬ ਸਰਕਾਰ ਨਾਲ ਮੀਟਿੰਗ ਦੌਰਾਨ ‘ਕੌਮੀ ਖੇਤੀ ਮੰਡੀ ਨੀਤੀ’ ਦੇ ਖਰੜੇ ਖ਼ਿਲਾਫ਼ ਸਪੱਸ਼ਟ ਸਟੈਂਡ ਲੈਂਦਿਆਂ ਇਸ ਨੂੰ ਮੁਕੰਮਲ ਤੌਰ ’ਤੇ ਰੱਦ ਕਰ ਦਿੱਤਾ ਹੈ। ਕਿਸਾਨ ਆਗੂਆਂ ਨੇ ਇੱਕੋ ਸੁਰ ’ਚ ਕਿਹਾ ਕਿ ਇਹ ਕੌਮੀ ਖੇਤੀ ਨੀਤੀ ਖਰੜਾ ਦਿੱਲੀ ਅੰਦੋਲਨ ਦੀ ਬਦੌਲਤ ਰੱਦ ਹੋਏ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਹੈ, ਜਿਸ ਨੂੰ ਪੰਜਾਬ ਸਰਕਾਰ ਰੱਦ ਕਰੇ। ਕਰੀਬ 15 ਕਿਸਾਨ ਜਥੇਬੰਦੀਆਂ ਨੇ ਸੂਬਾ ਸਰਕਾਰ ਨੂੰ ਇਸ ਮਾਮਲੇ ’ਤੇ ਕੇਂਦਰ ਸਰਕਾਰ ਖ਼ਿਲਾਫ਼ ਡੱਟ ਕੇ ਖੜ੍ਹੇ ਹੋਣ ਲਈ ਕਿਹਾ। ਉਧਰ, ਕਿਸਾਨਾਂ ਦੇ ਤੇਵਰ ਵੇਖਦਿਆਂ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੇ ਹਿੱਤ ਪ੍ਰਭਾਵਿਤ ਨਹੀਂ ਹੋਣ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਚਿੰਤਤ ਹੈ ਕਿਉਂਕਿ ਇਸ ਖਰੜੇ ਦੇ ਪ੍ਰਭਾਵ ਮਾਰੂ ਹੋ ਸਕਦੇ ਹਨ। ਖਰੜੇ ਦਾ ਡੂੰਘਾਈ ਨਾਲ ਅਧਿਐਨ ਕਰਨ ਲਈ ਹੋਰ ਭਾਈਵਾਲਾਂ ਨਾਲ ਵੀ ਸਲਾਹ ਮਸ਼ਵਰਾ ਕਰਨਗੇ ਤਾਂ ਜੋ ਕੋਈ ਵੀ ਪਹਿਲੂ ਵਿਚਾਰ ਖੁਣੋ ਰਹਿ ਨਾ ਜਾਵੇ। ਮੰਤਰੀ ਨੇ ਕਿਸਾਨ ਆਗੂਆਂ ਨੂੰ ਆਪਣੇ ਸੁਝਾਅ ਤੇ ਟਿੱਪਣੀਆਂ ਖੇਤੀ ਵਿਭਾਗ ਨੂੰ ਭੇਜਣ ਦੀ ਅਪੀਲ ਕੀਤੀ। ਦੱਸ ਦਈਏ ਕਿ ਭਾਰਤ ਸਰਕਾਰ ਨੇ ‘ਕੌਮੀ ਖੇਤੀ ਮੰਡੀ ਨੀਤੀ’ ਦੇ ਖਰੜੇ ’ਤੇ ਟਿੱਪਣੀਆਂ ਭੇਜਣ ਲਈ ਪੰਜਾਬ ਸਰਕਾਰ ਨੂੰ ਮੋਹਲਤ ਦੇ ਦਿੱਤੀ ਹੈ। ਪੰਜਾਬ ਸਰਕਾਰ ਨੇ ਪੱਤਰ ਲਿਖ ਕੇ ਕੇਂਦਰ ਸਰਕਾਰ ਤੋਂ ਤਿੰਨ ਹਫ਼ਤਿਆਂ ਦਾ ਸਮਾਂ ਮੰਗਿਆ ਸੀ। ਕੇਂਦਰੀ ਖੇਤੀ ਮੰਤਰਾਲੇ ਨੇ ਸੂਬਾ ਸਰਕਾਰ ਨੂੰ ਪੱਤਰ ਭੇਜ ਕੇ 10 ਜਨਵਰੀ ਤੱਕ ਦਾ ਸਮਾਂ ਦੇ ਦਿੱਤਾ ਹੈ। ਕੇਂਦਰ ਨੇ ਪਹਿਲਾਂ 25 ਨਵੰਬਰ ਨੂੰ ਭੇਜੇ ਪੱਤਰ ਦੇ ਬਾਰੇ ਦੋ ਹਫ਼ਤਿਆਂ ਵਿਚ ਸੁਝਾਵਾਂ ਦੀ ਮੰਗ ਕੀਤੀ ਸੀ। ਦੱਸ ਦਈਏ ਕਿ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਪ੍ਰਧਾਨਗੀ ਹੇਠ ਵੀਰਵਾਰ ਨੂੰ ਪੰਜਾਬ ਭਵਨ ’ਚ ਮੀਟਿੰਗ ਹੋਈ। ਮੀਟਿੰਗ ਵਿੱਚ ਸਮੂਹ ਕਿਸਾਨ ਧਿਰਾਂ ਦੇ ਆਗੂਆਂ ਨੇ ਆਪਣੀ ਰਾਇ ਰੱਖੀ ਤੇ ਸਹਿਮਤੀ ਬਣੀ ਕਿ ਸੰਘੀ ਢਾਂਚੇ ਦੀ ਮੂਲ ਭਾਵਨਾ ’ਤੇ ਪਹਿਰਾ ਦਿੰਦਿਆਂ ਪੰਜਾਬ ਸਰਕਾਰ ਇਸ ਖਰੜੇ ਨੂੰ ਰੱਦ ਕਰਕੇ ਤੇ ਇਸ ਬਾਰੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ’ਚ ਇਸ ਖਰੜੇ ਖ਼ਿਲਾਫ਼ ਮਤਾ ਲਿਆਵੇ। ਕੁਝ ਕਿਸਾਨ ਨੇਤਾਵਾਂ ਨੇ ਮੀਟਿੰਗ ਵਿੱਚ ਪੰਜਾਬ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਬੁਲਾਉਣ ਦਾ ਮਸ਼ਵਰਾ ਦਿੱਤਾ ਤਾਂ ਜੋ ਸਿਆਸੀ ਧਿਰਾਂ ਦੇ ਸਟੈਂਡ ਦਾ ਪਤਾ ਲੱਗ ਸਕੇ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

**ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

**ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ**

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap


26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA
WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ


ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਤੇਰੇ ਜਨ ਪਰਉਪਕਾਰੀ ਆਏ

## ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

## 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

# 51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

### ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

# 7ਵੀਂ ਬਰਸੀ ਤੇ ਮਿੱਠੀ ਯਾਦ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ



ਸਵ. ਸ. ਪਿਆਰਾ ਸਿੰਘ ਜੀ ਪਹਿਲਵਾਨ

## ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ

## 7ਵੀਂ ਬਰਸੀ ਤੇ ਮਿੱਠੀ ਯਾਦ ਵਿੱਚ

ਪਰਿਵਾਰ ਵਲੋਂ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ

**ਸੁਖਮਨੀ ਸਾਹਿਬ ਜੀ ਦੇ ਪਾਠ**

**21 ਦਸੰਬਰ, 2024**

**(ਦਿਨ ਸ਼ਨਿੱਚਰਵਾਰ)**

ਸਮਾਂ 2 ਤੋਂ 4 ਵਜੇ ਤੱਕ ਬਾਅਦ ਦੁਪਹਿਰ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।

ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਅਕਾਲ ਪੁਰਖ ਵਲੋਂ ਬਖਸੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ 16 ਦਸੰਬਰ 2017 ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ **ਸੱਤਵੀਂ ਬਰਸੀ** 'ਤੇ ਪਰਿਵਾਰ ਵਲੋਂ ਮਿੱਠੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ ।

**ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ**

**★ ਪ੍ਰੋਗਰਾਮ ★** ਬਾਅਦ ਦੁਪਹਿਰ 2 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਅਰੰਭ ਹੋਣਗੇ। ਗੁਰੂ ਘਰ ਦਾ ਕੀਰਤਨੀ ਜਥਾ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰੇਗਾ। ਉਪਰੰਤ ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ ਆਤਮਿਕ ਸਾਂਤੀ ਲਈ ਅਰਦਾਸ ਕੀਤੀ ਜਾਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ

--- ★ ਗੁਰਦੁਆਰਾ ਸਾਹਿਬ ਦਾ ਪਤਾ ★----

**Gurdawara Nanaksar Pleck 4 Wellington St, Walsall , WS2 9QR, West Midlands , Tel. : 01922 641040**

-- ★ ਸਤਿਗੁਰੂ ਦੇ ਭਾਣੇ ਵਿੱਚ ★--

| | | | |
|---|---|---|---|
| ਬੀਬੀ ਗੁਰਮੀਤ ਕੌਰ | (ਪਤਨੀ) | ਕੁਲਵਿੰਦਰ ਕੌਰ | (ਪੁੱਤਰੀ) |
| ਰਘਵੀਰ ਸਿੰਘ | (ਪੁੱਤਰ) | ਜਸਵਿੰਦਰ ਕੌਰ | (ਪੁੱਤਰੀ) |
| ਜਰਨੈਲ ਸਿੰਘ | (ਪੁੱਤਰ) | ਅਤੇ ਸਮੂਹ ਪਰਿਵਾਰ | |

Contact : 07830202647 (Jarnail Singh Johal), 07976210161 (Raghbir Singh)

ਆਵਾਜ਼ਿ ਕੌਮ AWAZE QAUM International Newspaper & WEB TV



ਨਗਰ ਜਨਸੂਆ ਅਤੇ ਹਲਕਾ ਨਿਵਾਸੀ ਸਾਧ ਸੰਗਤ ਵਲੋਂ
ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ
ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ
ਮਹਾਨ ਗੁਰਮਤਿ ਸਮਾਗਮ
21-22 ਦਿਸੰਬਰ 2024
ਦਿਨ ਸ਼ਨੀਵਾਰ ਅਤੇ ਐਤਵਾਰ
ਨਗਰ ਜਨਸੂਆ
ਜਿਲਾ ਅੰਬਾਲਾ
ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤਕ
ਸਿੰਘ ਸਾਹਿਬ ਗਿ. ਰਘਬੀਰ ਸਿੰਘ ਜੀ
ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ
ਸਿੰਘ ਸਾਹਿਬ ਗਿ. ਰਣਜੀਤ ਸਿੰਘ ਜੀ
ਗਿ. ਪ੍ਰੇਮ ਸਿੰਘ ਜੀ
ਭਾਈ ਦਵਿੰਦਰ ਸਿੰਘ ਜੀ
ਪਰਮਪ੍ਰੀਤ ਸਿੰਘ ਜੀ
ਭਾਈ ਨਥਵਿੰਦਰ ਸਿੰਘ ਜੀ
ਗਿ. ਸੁਖਜਿੰਦਰ ਸਿੰਘ ਨੂਰ
ਭਾਈ ਜਤਿੰਦਰ ਸਿੰਘ ਨੂਰਪੁਰੀ
ਭਾਈ ਮਨਪ੍ਰੀਤ ਸਿੰਘ ਜੀ
ਭਾਈ ਗੁਰਮੇਲ ਸਿੰਘ ਜੀ




ਸ੍ਰੀ ਅਕਾਲ ਜੀ ਸਹਾਇ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰ ਕੌਰ ਜੀ,
ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ
ਸ਼ਹੀਦੀ ਸਭਾ
24 ਅਤੇ 25 ਦਸੰਬਰ 2024 ਸਵੇਰੇ 9 ਵੱਜੇ ਤੋਂ
ਗੁ. ਸ੍ਰੀ ਮੰਜੀ ਸਾਹਿਬ (ਬਾਉਲੀ ਸਾਹਿਬ) ਅੰਬਾਲਾ ਸ਼ਹਿਰ
ਸਭਾ ਦੌਰਾਨ ਗੁਰੂ ਸਾਹਿਬ ਜੀ ਦੀ ਲਾਡਲੀਆਂ ਫੋਜ਼ਾ (ਬੱਚੇ ਅਤੇ ਬੱਚੀਆਂ) ਕਿਸੇ ਵੀ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ ਜੀ
24 ਦਸੰਬਰ
ਤੀਰ ਅੰਦਾਜ਼ੀ ਅਤੇ ਸ਼ੂਟਿੰਗ
ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰਤੀਭਾਗੀ ਨੂੰ ਬੇਸਿਕ ਗਿਆਨ ਹੋਣਾ ਜ਼ਰੂਰੀ ਹੈ ਜੀ।
ਦਸਤਾਰ ਮੁਕਾਬਲਾ
ਦੁਮਾਲਾ ਮੁਕਾਬਲਾ
ਸਿੱਖ ਇਤਿਹਾਸਕ ਕਲਰਿੰਗ ਅਤੇ ਪੇਂਟਿੰਗ
(ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰਤੀਭਾਗੀ ਕਾਰਡ ਬੋਰਡ ਅਤੇ ਕਲਰ ਨਾਲ ਲੈ ਕੇ ਆਉਣ ਜੀ)
ਕਵਿਤਾ
ਵਿਸ਼ਾ : ਸ਼ਹੀਦੀ ਇਤਿਹਾਸ ਸਬੰਧਿਤ 3 ਤੋਂ 5 ਮਿੰਟ
ਖੋ-ਖੋ
(ਇਸ ਮੁਕਾਬਲੇ ਵਿਚ ਕੇਵਲ ਸੱਦਾ ਦਿਤੀ ਗਈ ਟੀਮ ਹੀ ਭਾਗ ਲੈ ਸਕਦੀ ਹੈ।)
ਰੱਸੀ ਟੱਪਣਾ
(ਕੇਵਲ ਲੜਕੀਆ, 1 4ਸਾ ਲ ਤੱਕ)
ਟਰਾਈ ਸਾਇਕਲ ਰੇਸ
ਇਸ ਰੇਸ ਵਿੱਚ 7 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ।
ਧਿਮੀ ਸਾਇਕਲ ਰੇਸ
ਇਸ ਰੇਸ ਵਿੱਚ 10 ਤੋਂ 13 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ।
ਰੱਸਾ ਖਿਚਣਾ
15 ਸਾਲ ਤੱਕ ਦੀ 8 ਮੈਂਬਰੀ ਟੀਮ
25 ਦਸੰਬਰ
ਗੁਰਬਾਣੀ ਕੰਠ
ਬਾਣੀ : ਸਲੋਕ ਮਹਲਾ ਨੌਵਾਂ ਅਤੇ ਸ਼ਬਦ (ਨੌਵੇਂ ਪਾਤਸ਼ਾਹ)
5 ਤੋਂ 8 ਸਾਲ
ਪਹਿਲੇ 10 ਸ਼ਲੋਕ ਅਤੇ ਇਕ ਸ਼ਬਦ
9 ਤੋਂ 15 ਸਾਲ
ਪਹਿਲੇ 25 ਸ਼ਲੋਕ ਅਤੇ ਦੋ ਸ਼ਬਦ
16 ਤੋਂ 25 ਸਾਲ
57 ਸ਼ਲੋਕ, ਚਾਰ ਸ਼ਬਦ ਅਤੇ ਤ੍ਵ ਪ੍ਰਸਾਦਿ ਸਵੱਯੇ
ਅਵਾਰਡ ਚੰਗੇਰੇ ਮਾਪੇ
ਗਤਕਾ ਪ੍ਰਦਰਸ਼ਨ
(ਵਿਅਕਤੀਗਤ : ਫਾਇਟ ਫਰੀ-ਸੋਟੀ, ਡਬਲ ਕਿਰਪਾਨ ਅਤੇ ਚੱਕਰ)
ਅੰਬਾਲਾ ਗਤਕਾ ਅਕੈਡਮੀ
ਵਲੋਂ ਸ਼ਸਤ੍ਰ ਵਿਦਿਆ ਦਾ ਸਾਂਝਾ ਪ੍ਰਦਸ਼ਨ ਕਿਤਾ ਜਾਵੇਗਾ ਜੀ
ਸਿੱਖੀ ਸਰੂਪ ਮੇਰਾ ਅਸਲੀ ਰੂਪ
ਕਵੀਜ਼ ਮੁਕਾਬਲਾ
ਵਿਸ਼ਾ : ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਸਮੂੰਹ ਸ਼ਹੀਦ ਸਿੰਘਾਂ ਦੇ ਜੀਵਨ ਸਬੰਧਿਤ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ 7988264621, 8929111683, 9812032041, 7988513083, 9466408747, 7404112798
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਸੋਸਾਇਟੀ (ਰਜਿ.), ਅੰਬਾਲਾ ਸ਼ਹਿਰ
ਪ੍ਰਧਾਨ ਅਤੇ ਸਮੂਹ ਮੈਂਬਰਾਨ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਦਾਸਰੇ: ਮੈਨੇਜਰ
ਗੁ. ਮੰਜੀ (ਬਾਉਲੀ) ਸਾਹਿਬ, ਪਾ.੬ਵੀਂ, ੧੦ਵੀਂ
ਅੰਬਾਲਾ ਸ਼ਹਿਰ 0171-2446949
ਭੁਪਿੰਦਰ ਸਿੰਘ ਅਸੰਧ ਪ੍ਰਧਾਨ HSGMC
ਸ੍ਰ. ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ HSGMC
ਸ੍ਰ. ਤਰਵਿੰਦਰਪਾਲ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ HSGMC
ਸ. ਹਰਪਾਲ ਸਿੰਘ ਕੰਬੋਜ ਮੈਂਬਰ, HSGMC
ਸ. ਇੰਦਰਜੀਤ ਸਿੰਘ ਮੈਂਬਰ, HSGMC
ਸ. ਰਜਿੰਦਰ ਸਿੰਘ ਮੈਂਬਰ, HSGMC
ਕੈਪਟਨ ਦਿਲਬਾਗ ਸਿੰਘ ਮੈਂਬਰ, HSGMC
ਜ. ਬਲਜੀਤ ਸਿੰਘ ਦਾਦੂਵਾਲ ਚੇਅਰਮੈਨ, ਧਰਮ ਪ੍ਰਚਾਰ ਕਮੇਟੀ, HSGMC




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
ਪਰਮ ਸਤਿਕਾਰ ਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਸਨਿਮਰ ਬੇਨਤੀ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਨਾਮ ਬਾਣੀ ਦੇ ਰਸੀਏ
ਉੱਚੇ- ਸੁੱਚੇ ਜੀਵਨ ਦੇ ਧਾਰਨੀ, ਤਿਆਗ ਬੈਰਾਗ ਦੀ ਮੂਰਤਿ ਅਤੇ ਮਹਾਨ ਪਰਉਪਕਾਰੀ
ਬ੍ਰਹਮਗਿਆਨੀ ਬਾਬਾ ਠਾਕੁਰ ਸਿੰਘ ਜੀ
ਦੀ 20 ਸਾਲਾ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਸੱਚਖੰਡ ਵਾਸੀ ਮਹਾਂਪੁਰਖ ਬਾਬਾ ਠਾਕੁਰ ਸਿੰਘ ਜੀ ਖਾਲਸਾ
ਗੁਰੂ ਅਰਜਨ ਦੇਵ ਗੁਰਦੁਆਰਾ, ਸਟੈਨਹੋਪ ਸਟਰੀਟ, ਡਰਬੀ DE23 6QJ ਵਿਖੇ
ਮਿਤੀ 27 ਦਸੰਬਰ 2024 ਤੋਂ 29 ਦਸੰਬਰ 2024 ਨੂੰ ਮਨਾਈ ਜਾ ਰਹੀ ਹੈ।
ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਕਥਾ ਵਾਚਕ ਅਤੇ ਢਾਡੀ ਜੱਥੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।
ਪ੍ਰੋਗਰਾਮਾਂ ਦਾ ਵੇਰਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਦਸੰਬਰ 2024 ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 29 ਦਸੰਬਰ 2024 ਦਿਨ ਐਤਵਾਰ ਸਵੇਰੇ 9:30 ਵਜੇ
ਉਪਰੰਤ ਭਾਰੀ ਦੀਵਾਨ ਸੱਜਣਗੇ
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਲਾਹਾ ਪ੍ਰਾਪਤ ਕਰੋ ਜੀ
ਗੁਰੂ ਪੰਥ ਦੇ ਦਾਸ : ਦਮਦਮੀ ਟਕਸਾਲ ਦੇ ਵਿਦਿਆਰਥੀ ਅਤੇ ਸਮੂਹ ਸਾਧ ਸੰਗਤ ਡਰਬੀ
ਵਿਸ਼ੇਸ਼ ਸਹਿਯੋਗ : ਗੁਰੂ ਅਰਜਨ ਦੇਵ ਗੁਰਦੁਆਰਾ ਪ੍ਰਬੰਧਕ ਕਮੇਟੀ (07916253241, 01332-776872)


ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥
ਚਾਰ ਸਾਹਿਬਜਾਦੇ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਸਿੰਘਾਂ-ਸਿੰਘਣੀਆਂ ਦੀ ਯਾਦ ਨੂੰ ਸਮਰਪਿਤ
ਸਲਾਨਾ ਮਹਾਨ ਗੁਰਮਤਿ ਸਮਾਗਮ
ਮਿਤੀ 21, 22, 23 ਦਸੰਬਰ 2024
ਦਿਨ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ
(ਰੋਜ਼ਾਨਾ ਸ਼ਾਮ 4 ਵਜੇ ਤੋਂ ਰਾਤ 11 ਵਜੇ ਤੱਕ)
ਪਿੰਡ ਰਸੂਲਪੁਰ ਕਲਾਂ, ਅੱਡਾ ਤੱਤੂਆਣਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ
ਗਿਆਨੀ ਹਰਪ੍ਰੀਤ ਸਿੰਘ ਜੀ ਵਡਾਲਾ
ਕਥਾਵਾਚਕ ਗੁ: ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ
ਬਾਬਾ ਚਰਨਜੀਤ ਸਿੰਘ ਜੱਸੋਵਾਲ
ਕਥਾਵਾਚਕ
ਭਾਈ ਅਮਰਜੀਤ ਸਿੰਘ ਜੀ
ਗਾਲਿਬ ਖੁਰਦ ਵਾਲੇ
ਭਾਈ ਸਿਮਰਨਜੀਤ ਸਿੰਘ ਜੀ ਪਰਵਾਨਾ
ਕਵੀਸ਼ਰੀ ਜਥਾ
ਭਾਈ ਬਿੰਦਰ ਸਿੰਘ ਜੀ
ਹਜ਼ੂਰੀ ਰਾਗੀ ਤਖਤ ਸ੍ਰੀ ਦਮਦਮਾ ਸਾਹਿਬ ਜੀ
ਬੀਬੀ ਬੇਅੰਤ ਕੌਰ ਜੀ ਖਾਲਸਾ
ਢਾਡੀ ਜਥਾ
ਭਾਈ ਸੁਖਦੇਵ ਸਿੰਘ ਜੀ ਡੱਲਾ
ਕਥਾਵਾਚਕ
ਭਾਈ ਗੁਰਸੇਵਕਜੀਤ ਸਿੰਘ ਜੀ ਕਲਾਨੌਰ ਵਾਲੇ
ਢਾਡੀ ਜਥਾ
ਭਾਈ ਕੁਲਵਿੰਦਰ ਸਿੰਘ ਜੀ ਮਾਹਲ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
ਗਿ. ਗੁਰਕੀਰਤ ਸਿੰਘ ਜੀ (ਡਬਲ) M.A
ਸ੍ਰੀ ਤਰਨ ਤਾਰਨ ਸਾਹਿਬ - ਕਵੀਸ਼ਰੀ ਜਥਾ
ਭਾਈ ਅੰਮ੍ਰਿਤਪਾਲ ਸਿੰਘ ਜੀ
ਕੀਰਤਨੀ ਜਥਾ
ਭਾਈ ਇਛਪਾਲ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
LIVE ON
HAPPY
Mannat TV
ਨੋਟ: ਗੁਰਬਾਣੀ ਸੁਣਾਉਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਜਾਵੇਗਾ।
ਸਰਬੱਤ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰੋ ਅਤੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਵੱਲੋਂ: ਗੁਰਦੁਆਰਾ ਬਾਬਾ ਗੁਰਬਖਸ਼ ਸਾਹਿਬ ਜੀ, ਪਿੰਡ ਰਸੂਲਪੁਰ ਕਲਾਂ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ।
ਸੰਪਰਕ ਕਰੋ: 94640-25066, 98763-16195, 98145-51701
Amar Art STUDIO

# ਸਿੱਖ ਕ੍ਰਿਸਮਸ ਨਹੀਂ, ਸ਼ਹੀਦੀ ਹਫਤਾ ਮਨਾਉਂਦੇ ਹਨ

ਇਸ ਹਫ਼ਤੇ ਜਿੱਥੇ ਹਰ ਪਾਸੇ ਕ੍ਰਿਸਮਸ ਦੀ ਧੂਮ ਹੈ, ਉਥੇ ਹੀ ਸਿੱਖ ਭਾਈਚਾਰੇ ਦੇ ਲੋਕ ਇਸਨੂੰ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰੇ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਦੱਸ ਰਹੇ ਹਾਂ। - ਸਿਮਰਨਜੀਤ ਸਿੰਘ

## 21 ਦਸੰਬਰ



**ਇਸ ਦਿਨ** ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ 'ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ। ••

## 22 ਦਸੰਬਰ



**ਆਨੰਦਪੁਰ ਸਾਹਿਬ** ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਨ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ। ਉਥੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਇਸਦੀ ਸੂਚਨਾ ਦੇ ਦਿੱਤੀ। ਫਿਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ••

## 23 ਦਸੰਬਰ



**ਇਸ ਦਿਨ** ਚਮਕੌਰ ਦਾ ਯੁੱਧ ਹੋਇਆ, ਜਿਸ ਵਿੱਚ ਮੁਗਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਆਹਮਣੇ-ਸਾਹਮਣੇ ਸੀ। ਅਜਿਹਾ ਕਿਹ ਜਾਂਦਾ ਹੈ ਕਿ ਮੁਗਲਾਂ ਦੀ ਸੈਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੀ ਜਦਕਿ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਇਸਦੇ ਬਾਵਜੂਦ ਉਨ੍ਹਾਂ ਨੇ ਬਹਾਦਰੀ ਦਿਖਾਉਂਦੇ ਹੋਏ ਮੁਗਲਾਂ ਨਾਲ ਲੋਹਾ ਲਿਆ। ਯੁੱਧ ਵਿੱਚ ਆਪਣੇ ਸੈਨਿਕਾਂ ਨੂੰ ਸ਼ਹੀਦ ਹੁੰਦੇ ਦੇਖ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਉਹ ਯੁੱਧ ਵਿੱਚ ਜਾ ਕੇ ਕੌਮ ਦੇ ਲਈ ਲੜਨਾ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਗਿਆ ਦਿੰਦੇ ਹੋਏ ਯੁੱਧ ਵਿੱਚ ਉਤਾਰਿਆ, ਜਿਸ ਵਿੱਚ ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਮੁਗਲ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਰਮਿਆਨ ਉਹ ਖ਼ੁਦ ਵੀ ਸ਼ਹੀਦ ਹੋ ਗਏ। ਵੱਡੇ ਭਰਾ ਨੂੰ ਯੁੱਧ ਵਿੱਚ ਸ਼ਹੀਦ ਹੁੰਦਾ ਦੇਖ ਬਾਬਾ ਜੁਝਾਰ ਸਿੰਘ ਵੀ ਪਿਤਾ ਜੀ ਦੀ ਆਗਿਆ ਲੈ ਕੇ ਯੁੱਧ ਵਿੱਚ ਉਤਰੇ ਅਤੇ ਉਨ੍ਹਾਂ ਨੇ ਵੀ ਮੁਗਲੀਆ ਸੈਨਾ ਨਾਲ ਲੋਹਾ ਲਿਆ। ਛੋਟੀ ਜਿਹੀ ਉਮਰ ਵਿੱਚ ਉਨ੍ਹਾਂ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਵੀ ਸ਼ਹੀਦ ਹੋ ਗਏ। ਇਹ ਪੂਰਾ ਨਜ਼ਾਰਾ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲੇ ਤੋਂ ਦੇਖ ਰਹੇ ਸਨ। ••

## 24 ਦਸੰਬਰ



**ਸ੍ਰੀ ਗੁਰੂ** ਗੋਬਿੰਦ ਸਿੰਘ ਜੀ ਇਸ ਯੁੱਧ ਵਿੱਚ ਜਾਣਾ ਚਾਹੁੰਦੇ ਸਨ ਪਰ ਹੋਰ ਸਿੱਖਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਥੋਂ ਜਾਣ ਲਈ ਕਿਹਾ। ਗੁਰੂ ਸਾਹਿਬ ਇਸਨੂੰ ਮੰਨਣ ਨੂੰ ਤਿਆਰ ਨਹੀਂ ਸਨ ਪਰ ਹੋਰ ਸਿੱਖਾਂ ਦੇ ਅੱਗੇ ਉਨ੍ਹਾਂ ਨੂੰ ਮਜਬੂਰ ਹੋ ਕੇ ਉਥੋਂ ਜਾਣਾ ਪਿਆ। ਇਸ ਦਰਮਿਆਨ ਉਥੇ ਬਚੇ ਸਿੱਖਾਂ ਨੇ ਮੁਗਲੀਆ ਸੈਨਾ ਨਾਲ ਯੁੱਧ ਕੀਤਾ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ। ••

## 25 ਦਸੰਬਰ



**ਜਦੋਂ ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਇਸ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••

## 26-27 ਦਸੰਬਰ



**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ 'ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।' ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••

## 28 ਦਸੰਬਰ



**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••

## 29 ਦਸੰਬਰ



**ਵਜ਼ੀਰ ਖ਼ਾਨ** ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ 'ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ••

ਆਵਾਜ਼ਿ ਕੌਮ
AWAZE QAUM
International Newspaper & WEB TV

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**

## ਵਾਹਿਗੁਰੂ ਜੀ ਕੀ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ ।।


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 10 ਫਰਵਰੀ 2025 ਤੋਂ 20 ਫਰਵਰੀ 2025 ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 10 ਫਰਵਰੀ, 2025 ਨੂੰ ਸ਼ੁਰੂ ਹੋਵੇਗੀ ਤੇ ਇੱਥੇ 20 ਫਰਵਰੀ, 2025 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ☛ ਲਗਜਰੀ ਹੋਟਲਾਂ 'ਚ ਸਟੇਅ
- ☛ ਬਰੇਕਫਾਸਟ ਅਤੇ ਡਿਨਰ ਸ਼ਾਮਲ
- ☛ ਲਗਜਰੀ ਏ. ਸੀ. ਟਰਾਂਸਪੋਰਟੇਸ਼ਨ।
- ☛ ਚੰਡੀਗੜ੍ਹ ਤੋਂ ਹੈਦਰਾਬਾਦ ਅਤੇ ਵਾਪਸੀ 'ਤੇ ਹੈਦਰਾਬਾਦ ਤੋਂ ਚੰਡੀਗੜ੍ਹ ਦਾ ਸਫਰ ਹਵਾਈ ਜਹਾਜ਼ ਰਾਹੀਂ।
- ☛ ਹਰ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਗਾਈਡ ਨਾਲ ਹੋਣਗੇ।

**ਇੰਡੀਆਂ ਵਿਚ ਜੁਆਇਨ ਕਰਨ ਵਾਲਿਆਂ ਲਈ ਕੇਵਲ 1190 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

**ਯੂ ਕੇ ਤੋਂ ਅੰਤਰਰਾਸ਼ਟਰੀ ਹਵਾਈ ਸਫ਼ਰ ਸਮੇਤ 1890 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

ਬੁੱਕ ਕਰਨ ਦੇ ਲਈ 600 ਪਾਉਂਡ ਐਡਵਾਂਸ ਦੇ ਤੌਰ ਤੇ ਜਮਾ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

**ਅਕਾਊਂਟ ਨੰਬਰ ਤੇ ਡਿਟੇਲ**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**ਸੰਪਰਕ ਨੰ. :**

**+44 7458 381111 +44 7976 210161**

**email: gnstuk@hotmail.com**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)

**ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।**

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ

# ਪੰਜ ਤਖ਼ਤ ਯਾਤਰਾ

**10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :**

### 10 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 11 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 12 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੇਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 13 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 14 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 15 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਬਿ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਉ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 16 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 17 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 18 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 19 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 20 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਿਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

**ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।**

ਆਵਾਜ਼ਿ ਕੌਮ
AWAZE QAUM

# AWAZE QAUM TOURS & TRAVELS

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**

**ਵਾਹਿਗੁਰੂ ਜੀ ਕੀ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2025 (10th Feb – 20thFeb 2025). During the stay we will try to provide you with all the possible facilities to make this trip a memorable one.**

## Trip Package Includes

**Visit to Takhat Patna Sahib & other 5 Gurudwaras - Hyderabad (Museum & Char Minar) - Takhat Hazoor Sahib & other 8 Gurudwaras - Takhat Keshgarh Sahib Sahib & other 8 Gurudwaras - Damdama Sahib & other 3 Gurudwaras. - Akal Takth, Sri Harimandir Sahib, Jallianwala Bagh & Wagah Border**

- Luxury Air-conditioned Coaches
- Luxury Hotel Stay (Sarai at Hazoor Sahib)
- Domestic Flights
- Guided Tours
- Flexibility to stay in India before & after the trip

**Cost If joining from India without international flights £ 1190 per person on Twin Sharing basis**

**Cost: If joining from UK with International flights - £1890 per person on Twin Sharing basis**

Deposit of £600 per person can be transferred into the following account (please write your name as a reference): Balance amount need to be deposited 2 weeks before the travel date.

**Account Name: RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)


**Program is subject to change without Prior Notice.**

ਆਵਾਜ਼ਿ ਕੌਮ AWAZE QAUM

## JOURNEY OF A LIFE TIME
## PANJ TAKHT YATRA
### 5 TAKHAT YATRA - 10 NIGHTS / 11 DAYS


ਆਵਾਜ਼ਿ ਕੌਮ AWAZE QAUM

### 10th FEB. Day 1st.




**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 11th Feb. Day 2nd.




Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 12th Feb Day 3rd




After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 13th Feb Day4th




Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 14th Feb Day5th




Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 15th Feb. Day 6th




After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 16th Feb Day 7th




After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 17th Feb Day 8th




After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 18Th Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 19th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 20th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**


ਸਿਰ ਜਾਵੇ ਨਾ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵੱਲੋਂ ਆਪ ਸਰਬੱਤ ਸੰਗਤਾਂ ਦੇ ਸਹਿਯੋਗ ਨਾਲ
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਤਿਕਾਰਯੋਗ ਮਾਤਾ ਗੁਜ਼ਰ ਕੌਰ ਜੀ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ
ਸਫ਼ਰ-ਏ-ਸ਼ਹਾਦਤ
21 ਦਸੰਬਰ ਤੋਂ 29 ਦਸੰਬਰ 2024 ਤੱਕ
ਮਿਤੀ 21 ਦਸੰਬਰ 2024 ਸਮਾਂ: ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਪੁਰਾਣੀ ਅਨਾਜ ਮੰਡੀ ਕਾਲਾਂਵਾਲੀ ਸਿਰਸਾ
ਮਿਤੀ 22 ਦਸੰਬਰ 2024 ਸਮਾਂ: ਸਾਮ 6 ਤੋਂ 9 ਤੱਕ ਰਾਤ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ
ਮਿਤੀ 23 ਦਸੰਬਰ 2014 ਸਮਾਂ: ਸਵੇਰੇ 11 ਤੋਂ 3 ਵਜੇ ਤੱਕ ਗੁਰਦੁਆਰਾ ਨਿੰਮ ਸਾਹਿਬ ਕੈਥਲ
ਮਿਤੀ 24 ਦਸੰਬਰ 2014 ਸਮਾਂ: ਸ਼ਾਮ 6 ਤੋਂ 9 ਵਜੇ ਤੱਕ ਗੁਰਦੁਆਰਾ ਮੰਜੀ ਸਾਹਿਬ ਜੀਂਦ
ਮਿਤੀ 25 ਦਸੰਬਰ 2024 ਸਮਾਂ: ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਗੁਰਦੁਆਰਾ ਸੀਸ ਗੰਜ ਸਾਹਿਬ ਤਰਾਵੜੀ ਕਰਨਾਲ
ਮਿਤੀ 26 ਦਸੰਬਰ 2024 ਸਮਾਂ: ਸਵੇਰੇ 11 ਤੋਂ 3 ਵਜੇ ਤੱਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ
ਮਿਤੀ 27 ਦਸੰਬਰ 2024 ਸਮਾਂ: ਸਵੇਰੇ 11 ਤੋਂ 3 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਅਸੰਧ ਕਰਨਾਲ
ਮਿਤੀ 28 ਦਸੰਬਰ 2014 ਸਮਾਂ: ਸ਼ਾਮ 6 ਤੋਂ 9 ਵਜੇ ਤੱਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ
ਮਿਤੀ 29 ਦਸੰਬਰ 2024 ਸਮਾਂ: ਸਵੇਰੇ 11 ਤੋਂ 3 ਵਜੇ ਤੱਕ ਗੁਰਦੁਆਰਾ ਪੰਜੋਖੜਾ ਸਾਹਿਬ ਪਾਤਸ਼ਾਹੀ ਅੱਠਵੀਂ ਅੰਬਾਲਾ
LIVE US ON
Akaal
WORLD ਪੰਜਾਬੀ
CHARDIKLA TIME TV
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਰਬੱਤ ਸੰਗਤਾਂ ਹੁੰਮ ਹੁਮਾ ਕੇ ਪੁੱਜੋ ਜੀ ਅਤੇ ਗੁਰਬਾਣੀ ਗੁਰਇਤਿਹਾਸ
ਸਰਵਣ ਕਰਕੇ ਆਪਣੀ ਵਿਰਾਸਤ ਨਾਲ ਜੁੜੋ ਜੀ
ਸੰਪਰਕ ਨੰ: 86995-42966, 93560-60960
ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ HSGMC
ਬੇਨਤੀ ਕਰਤਾ - ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂੰਹ ਅਹੁਦੇਦਾਰ, ਮੈਂਬਰ ਸਾਹਿਬਾਨ ਅਤੇ ਸਾਧਸੰਗਤ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ HSGMC ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਆਜ਼ਾਦ


ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵੱਲੋਂ ਆਪ ਸਰਬੱਤ ਸੰਗਤਾਂ ਦੇ ਸਹਿਯੋਗ ਨਾਲ
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਤਿਕਾਰਯੋਗ ਮਾਤਾ ਗੁਜ਼ਰ ਕੌਰ ਜੀ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ
ਸਫ਼ਰ-ਏ-ਸ਼ਹਾਦਤ
ਮਿਤੀ 21 ਦਸੰਬਰ 2024
ਸਮਾਂ: ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ
ਸਥਾਨ:
ਪੁਰਾਣੀ ਅਨਾਜ ਮੰਡੀ ਕਾਲਾਂਵਾਲੀ ਸਿਰਸਾ
LIVE US ON
Akaal
WORLD ਪੰਜਾਬੀ
CHARDIKLA TIME TV
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਰਬੱਤ ਸੰਗਤਾਂ ਹੁੰਮ ਹੁਮਾ ਕੇ ਪੁੱਜੋ ਜੀ ਅਤੇ ਗੁਰਬਾਣੀ ਗੁਰਇਤਿਹਾਸ
ਸਰਵਣ ਕਰਕੇ ਆਪਣੀ ਵਿਰਾਸਤ ਨਾਲ ਜੁੜੋ ਜੀ
ਸੰਪਰਕ ਨੰ: 86995-42966, 93560-60960
ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ HSGMC
ਬੇਨਤੀ ਕਰਤਾ - ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂੰਹ ਅਹੁਦੇਦਾਰ, ਮੈਂਬਰ ਸਾਹਿਬਾਨ ਅਤੇ ਸਾਧਸੰਗਤ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ HSGMC ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਆਜ਼ਾਦ

## ਅੱਜ 'ਤੇ ਵਿਸ਼ੇਸ਼

# ਪ੍ਰੀਵਾਰ ਵਿਛੋੜਾ ਸਰਸਾ ਨੰਗਲ






6 ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਅਨੰਦਗੜ ਸਾਹਿਬ੍ਹ ਦਾ ਕਿਲ੍ਹਾ ਛੱਡਦੇ ਹਨ ਤਾਂ ਉੱਥੋਂ ਪ੍ਰੀਵਾਰ ਸਮੇਤ ਕੀਰਤਪੁਰ ਸਾਹਿਬ ਲਈ ਰਵਾਨਾ ਹੁੰਦੇ ਹਨ।ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਸ਼ਸ਼ਤਰਾਂ ਨਾਲ ਲੈਸ ਹੋ ਕੇ ਬਹੁਤ ਸਾਰੇ ਸਿੰਘਾਂ ਭਾਈ ਦਯਾ ਸਿੰਘ, ਭਾਈ ਉਦੈ ਸਿੰਘ, ਭਾਈ ਆਲਮ ਸਿੰਘ, ਭਾਈ ਅਜਬ ਸਿੰਘ ਤੇ ਹੋਰ ਕਈ ਸਿੰਘਾਂ ਨਾਲ ਕਿਲ੍ਹੇ ਵਿੱਚੋਂ ਬਾਹਰ ਨਿਕਲਦੇ ਹਨ।ਕਿਲ੍ਹੇ ਵਿੱਚੋ ਨਿਕਲਣ ਤੋਂ ਬਾਦ ਗੁਰੂ ਸਾਹਿਬ ਅਜੇ ਕੀਰਤਪੁਰ ਸਾਹਿਬ ਲੰਘ ਕੇ ਨਿਰਮੋਹਗੜ੍ਹ ਤੱਕ ਪੁੱਜੇ ਸਨ ਕਿ ਰਾਜੇ ਅਜਮੇਰ ਚੰਦ ਕਹਿਲੂਰੀਏ ਨੇ ਵਜ਼ੀਰ ਖਾਂ ਕੋਲ ਜਾ ਕੇ ਆਖਿਆ ਕਿ ਹੁਣ ਵੈਰੀ ਤੋਂ ਬਦਲਾ ਲੈਣ ਦਾ ਟਾਇਮ ਆ ਗਿਆ ਜੇ।ਉਹ ਤਾਂ ਅੱਗੇ ਹੀ ਤਿਆਰ ਸਨ ਕਿਉਂਕਿ ਮਈ ਮਹੀਨੇ ਤੋਂ ਉਹ ਗੁਰੂ ਸਾਹਿਬ ਜੀ ਨੂੰ ਘੇਰਾ ਪਾ ਕੇ ਬੈਠੇ ਸਨ ਤੇ ਹੁਣ ਦਸੰਬਰ ਮਹੀਨਾ ਆ ਗਿਆ ਸੀ।ਉਹ ਵੀ ਬੜੀਆਂ ਮੁਸ਼ਕਿਲਾਂ ਵਿੱਚੋਂ ਲੰਘੇ ਸਨ।ਉਹ ਗੁਰੂ ਕੋਲੋਂ ਗਿਣ-ਗਿਣ ਕੇ ਬਦਲੇ ਲੈਣੇ ਚਾਹੁੰਦੇ ਸਨ।

ਪਹਿਲੇ ਖਵਾਜ਼ਾ ਖਿਜ਼ਰ ਖਾਂ ਨਵਾਬ ਮਲੇਰੀਏ ਨੇ ਨਗਾਰਾ ਵਜਾ ਕੇ ਹੱਲਾ ਕਰ ਦਿੱਤਾ।ਕੁੱਝ ਫੌਜ਼ ਤਾਂ ਕਿਲ੍ਹੇ ਨੂੰ ਤੇ ਸ਼ਹਿਰ ਨੂੰ ਲੁੱਟਣ ਤੇ ਲੱਗ ਗਈ।ਬਾਕੀ ਫੌਜ਼ ਗੁਰੂ ਸਾਹਿਬ ਨਾਲ ਯੁੱਧ ਕਰਨ ਲੱਗ ਪਈ।ਉੱਥੇ ਹਫੜਾ ਦਫੜੀ ਮੱਚ ਗਈ ਫੜ ਲੋ, ਮਾਰ ਦੋ, ਲੁੱਟ ਲੋ ਦੀਆਂ ਅਵਾਜ਼ਾਂ ਨਾਲ ਅਕਾਸ਼ ਗੂੰਜ ਉੱਠਿਆ।ਮੁਗਲ ਫੌਜ਼ਾਂ ਤੇ ਪਹਾੜੀ ਰਾਜਿਆਂ ਵੱਲੋਂ ਸਭ ਕਸਮਾਂ ਵਾਅਦੇ ਭੁੱਲ ਕੇ ਹਮਲਾ ਕਰ ਦਿੱਤਾ।ਗੋਲੀਆਂ, ਤਲਵਾਰਾਂ ਤੇ ਨੇਜ਼ਿਆਂ ਨਾਲ ਖੜ-ਖੜ ਕਰਦੇ ਵੈਰੀ ਨੇੜੇ ਆ ਢੁੱਕੇ ਸਨ।ਉਹਨਾਂ ਦੇ ਹਮਲਿਆਂ ਨੂੰ ਰੋਕਣ ਲਈ ਪਿੱਛੇ ਭਾਈ ਉਦੈ ਸਿੰਘ ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਵੈਰੀ ਨਾਲ ਲੋਹਾ ਲੈਣ ਲਈ ਅੜ ਜਾਂਦੇ ਹਨ।(ਭਾਈ ਉਦੈ ਸਿੰਘ ਜੀ ਉਹ ਸਨ ਜਿੰਨ੍ਹਾਂ ਰਾਜਾ ਕੇਸਰੀ ਚੰਦ ਦਾ ਜੰਗ ਵਿੱਚ ਸਿਰ ਉਤਾਰ ਦਿੱਤਾ ਸੀ) ਉਸ ਸਮੇਂ ਮੁਗਲਾਂ ਦੀ ਫੌਜ਼ ਬਹੁਤ ਜ਼ਿਆਦਾ ਗਿਣਤੀ ਵਿੱਚ ਸੀ।ਭਾਈ ਉਦੈ ਸਿੰਘ ਜੀ ਵੈਰੀ ਦਲ ਦਾ ਨੁਕਸਾਨ ਕਰਦੇ ਹੋਏ।ਸੈਂਕੜੇ ਵੈਰੀਆਂ ਨੂੰ ਮਾਰ ਉੱਥੇ ਹੀ ਸ਼ਹੀਦੀ ਜਾਮ ਪੀ ਜਾਂਦੇ ਹਨ।ਇਸ ਦਾ ਪ੍ਰਮਾਣ ਗੁਰਬਿਲਾਸ ਪਾਤਸ਼ਾਹੀ 10ਵੀਂ ਦੇ ਅਧਿਆਏ ਸੋਲਵੇਂ ਵਿੱਚ ਲਿਖਿਆ ਮਿਲਦਾ ਹੈ:

**ਕੀਰਤਪੁਰ ਤੈਲੈ ਜੁਧ ਹੋਈ।**
**ਮਗ ਮੈ ਹੋਤ ਜਾਤ ਹੈ ਸੋਈ।**

'ਤਵਾਰੀਖ਼ ਗੁਰੂ ਖਾਲਸਾ' ਵਿੱਚ ਲ਼ਿਖਿਆ ਮਿਲਦਾ ਹੈ ਕਿ ਮੁਸਲਮਾਨਾਂ ਨੇ ਏਸੇ ਨੂੰ (ਭਾਈ ਉਦੈ ਸਿੰਘ ਨੂੰ) ਗੁਰੂ ਸਮਝ ਕੇ (ਕਿਉਂਕਿ ਰੂਪ ਮਿਲਦਾ ਸੀ) ਸਿਰ ਕੱਟ ਲੀਤਾ, ਅਤੇ ਨਾਜ਼ਮ ਵਜ਼ੀਦ ਖਾਂ ਦੇ ਪਾਸ ਲੈ ਗਏ। ਜਦ ਉਸ ਨੇ ਗੁਰੂ ਜੀ ਦੀ ਤਸਵੀਰ ਮਿਲਾਈ ਤੇ ਨਾ ਮਿਲੀ ਤਾਂ ਫੇਰ ਫੌਜ਼ ਦਾ ਹੱਲਾ ਅੱਗੇ ਨੂੰ ਕਰਾ ਦਿੱਤਾ।

'ਪੁਰਖ ਭਗਵੰਤ' ਦਾ ਲਿਖਾਰੀ ਪੁਰਾਤਨ ਹਵਾਲਿਆਂ ਨਾਲ ਇਹ ਵੀ ਦੱਸਦਾ ਹੈ ਕਿ ਭਾਈ ਉਦੈ ਸਿੰਘ ਦੀ ਸ਼ਹੀਦੀ ਹੋਣ ਤੇ ਵੈਰੀ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੂੰ ਭਾਰੀ ਗਿਣਤੀ ਵਿੱਚ ਘੇਰਾ ਪਾ ਲੈਂਦੇ ਹਨ। ਇਹ ਵੇਖ ਕੇ ਉਸ ਤੋਂ ਬਾਦ ਭਾਈ ਜੀਵਨ ਸਿੰਘ ਜੀ ਉਸ ਥਾਂ ਜਾ ਕੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਵੈਰੀ ਦਲ ਦੀ ਵਾਢ ਸ਼ੁਰੂ ਕਰ ਦਿੰਦੇ ਹਨ ਤੇ ਉੱਥੋਂ ਸਾਹਿਬਜ਼ਾਦੇ ਨੂੰ ਅੱਗੇ ਜਾਣ ਲਈ ਕਹਿ ਆਪ ਵੈਰੀ ਨਾਲ ਦੋ-ਦੋ ਹੱਥ ਕਰਦੇ ਹੋਏ ਉੱਥੇ ਹੀ ਸ਼ਹੀਦੀ ਪਾ ਜਾਂਦੇ ਹਨ। ਪ੍ਰੰਤੂ ਕਈ ਲਿਖਾਰੀ ਬਾਬਾ ਜੀਵਨ ਸਿੰਘ ਜੀ ਦੀ ਸ਼ਹੀਦੀ ਚਮਕੌਰ ਸਾਹਿਬ ਹੋਈ ਲਿਖਦੇ ਹਨ।

ਅੱਗੇ ਸਰਸਾ ਕਿਨਾਰੇ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਸਾ ਕੀ ਵਾਰ ਦਾ ਪਾਠ ਕੀਤਾ।ਕਹਿੰਦੇ ਹਨ ਕਿ ਉਸ ਸਮੇਂ ਸਰਸਾ ਬਾਰਿਸ਼ ਕਾਰਨ ਬਹੁਤ ਉਫਾਨ ਤੇ ਸੀ।ਇਸੇ ਕਰਕੇ ਅਸਬਾਬ ਦੇ ਗੱਡੇ, ਊਠ, ਘੋੜੇ, ਰੱਥ ਉਸੇ ਥਾਂ ਰੁਕ ਗਏ।ਉਸ ਨੂੰ ਪਾਰ ਕਰਨਾ ਸੀ ਕਿਉਂਕਿ ਪਿੱਛੇ ਦੁਸ਼ਮਣ ਸਿਰ ਤੇ ਚੜ੍ਹੇ ਆ ਰਹੇ ਸਨ।ਵੈਰੀ ਨੂੰ ਬਹੁਤ ਦੇਰ ਤੱਕ ਰੋਕੀ ਰੱਖਿਆ ਪਰ ਸਰਸਾ ਨੇ ਕਿਸੇ ਨੂੰ ਪਾਰ ਨਾ ਲੰਘਣ ਦਿੱਤਾ।ਉੱਥੇ ਹੀ ਅਸਬਾਬ ਦੇ ਭਰੇ ਹੋਏ ਗੱਡੇ ਲੁੱਟੇ ਗਏ, ਜਲਾਏ ਗਏ, ਇੱਕ ਦਮ ਅਫਰਾ-ਤਫਰੀ ਮੱਚ ਗਈ।ਗਿਆਨੀ ਗਿਆਨ ਸਿੰਘ ਆਪਣੀ ਲਿੱਖਤ 'ਤਵਾਰੀਖ਼ ਗੁਰੂ ਖ਼ਾਲਸਾ' ਦੇ ਪਹਿਲੇ ਭਾਗ ਵਿੱਚ ਲਿੱਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉੱਥੇ ਇੱਕ ਬਚਨ ਉਚਾਰਿਆ ਸੀ ਕਿ ਸਰਸੇ ਨਾਲੇ ਕਾਲੇ ਦਿਲ ਵਾਲੇ, ਤੂੰ ਫੇਰ ਨਾ ਚੜ੍ਹੇਗਾ।ਗੁਰੂ ਜੀ ਦਾ ਇਹ ਬਚਨ ਸਫਲ ਹੋਇਆ ਅੱਜ ਤੱਕ ਉਹ ਨਦੀ ਫੇਰ ਕਦੇ ਨਹੀ ਚੜੀ।ਪ੍ਰਿੰ. ਸਤਿਬੀਰ ਸਿੰਘ ਲਿੱਖਦੇ ਹਨ ਕਿ ਸਰਸਾ ਕਿਨਾਰੇ ਹੀ ਗੁਰੂ ਜੀ ਨੇ ਸਾਰੇ ਪ੍ਰੀਵਾਰ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ।ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਤੇ ਕੁੱਝ ਸਿੰਘ ਗੁਰੂ ਜੀ ਨਾਲ ਰਹੇ।ਸਤਿਕਾਰਯੋਗ ਮਤਾਵਾਂ ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਹਰਿਦੁਆਰ ਤੇ ਉੱਥੋਂ ਦਿੱਲੀ ਚਲੇ ਗਏ।

ਮਾਤਾ ਗੁੱਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦੇ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਅਲੱਗ ਹੋ ਗਏ।ਉੱਥੋਂ ਉਹ ਕੁੰਮੇ ਮਾਸ਼ਕੀ ਦੀ ਝੁੱਗੀ ਵਿੱਚ ਰਹਿੰਦੇ ਹਨ।ਉਥੋਂ ਉਹਨਾਂ ਮਾਸੂਮ ਜਿੰਦਾਂ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਜਾਂਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਜੀ ਦਾ ਪ੍ਰੀਵਾਰ ਵਿਛੜ ਜਾਂਦਾ ਹੈ। ਜੋੜਾ ਕਿਸੇ ਪਾਸੇ ਤੇ ਜੋੜਾ ਕਿਸੇ ਪਾਸੇ ਹੋ ਤੁਰਦਾ ਹੈ।ਇਸ ਤਰ੍ਹਾਂ ਇਤਿਹਾਸ ਮੁਤਾਬਿਕ 7 ਪੋਹ ਨੂੰ ਗੁਰੂ ਜੀ ਦਾ ਸਾਰਾ ਪ੍ਰੀਵਾਰ ਵਿੱਛੜ ਜਾਂਦਾ ਹੈ।

ਇਸ ਤੋਂ ਅਗਲੇ ਦਿਨਾਂ ਵਿੱਚ ਸਾਹਿਬਜ਼ਾਦਿਆਂ ਦੀਆਂ, ਮਾਤਾ ਗੁੱਜਰ ਕੌਰ ਜੀ ਤੇ ਗੁਰੂ ਸਾਹਿਬ ਜੀ ਦੇ ਜਾਨ ਤੋਂ ਪਿਆਰੇ ਸਿੱਖਾਂ ਦੀਆਂ ਸ਼ਹੀਦੀਆਂ ਹੁੰਦੀਆਂ ਹਨ।ਜਿੱਥੇ ਗੁਰੂ ਜੀ ਦਾ ਪ੍ਰੀਵਾਰ ਨਾਲ ਵਿਛੋੜਾ ਪੈਂਦਾ ਹੈ ਉਸ ਸਥਾਨ ਤੇ ਬਹੁਤ ਸੁੰਦਰ ਗੁਰਦਆਰਾ 'ਪ੍ਰੀਵਾਰ ਵਿਛੋੜਾ ਸਾਹਿਬ' ਸਥਿੱਤ ਹੈ ਜਿੱਥੇ ਖਾਸ ਕਰ ਇੰਨ੍ਹਾਂ ਦਿਨਾਂ ਵਿੱਚ ਸੰਗਤਾਂ ਦੂਰ ਦੁਰਾਡਿਆਂ ਤੋਂ ਹੁੰਮ-ਹਮਾ ਕੇ ਉਹਨਾਂ ਸ਼ਹੀਦ ਮਰਜੀਵੜੇ ਸਿੰਘਾਂ ਦੀ ਯਾਦ ਵਿੱਚ ਜੁੜ ਬੈਠਦੀਆਂ ਹਨ।

**-ਧਰਮਿੰਦਰ ਸਿੰਘ (ਚੱਬਾ)**

ਆਵਾਜ਼ਿ ਕੌਮ AWAZE QAUM International Newspaper & WEB TV

# ਮਹਾਨ ਗਦਰੀ ਤੇ ਇੱਕ ਚੰਗੇ ਲੇਖਕ ਸਨ- ਬਾਬਾ ਸੋਹਨ ਸਿੰਘ ਭਕਨਾ

## ਬਰਸੀ 'ਤੇ ਵਿਸ਼ੇਸ਼



ਦੇਸ਼ ਦੀ ਅਜ਼ਾਦੀ ਦੀ ਲਹਿਰ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਚੜ੍ਹ ਕੇ ਯੋਗਦਾਨ ਪਾਇਆ ਹੈ। ਬਾਬਾ ਸੋਹਨ ਸਿੰਘ ਭਕਨਾ ਵੀ ਇਸੇ ਰਾਹ ਦੇ ਪਾਂਧੀ ਸਨ। ਬਾਬਾ ਸੋਹਨ ਸਿੰਘ ਭਕਨਾ ਦਾ ਜਨਮ 4 ਜਨਵਰੀ 1870 ਈ: ਵਿੱਚ ਪਿਤਾ ਸ੍ਰ.ਕਰਮ ਸਿੰਘ ਤੇ ਮਾਤਾ ਰਾਮ ਕੌਰ ਦੀ ਕੁੱਖੋਂ ਨਾਨਕੇ ਪਿੰਡ ਖਤਰਾਏਂ ਖੁਰਦ ਅੰਮ੍ਰਿਤਸਰ ਵਿੱਚ ਹੋਇਆ। ਇੱਕ ਸਾਲ ਦੀ ਉਮਰ ਵਿੱਚ ਹੀ ਪਿਤਾ ਦਾ ਦੇਹਾਂਤ ਹੋ ਗਿਆ।ਆਪ ਦੀ ਪੜ੍ਹਾਈ ਪਿੰਡ ਦੀ ਧਰਮਸ਼ਾਲਾ ਵਿੱਚ ਸ਼ੁਰੂ ਹੋਈ। ਗੁਰਮੁੱਖੀ ਉੱਥੋਂ ਸਿੱਖੀ। ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿੱਚੋਂ ਹੀ ਕੀਤੀ।ਅੱਗੋਂ ਪੜ੍ਹਨਾ ਨਸੀਬ ਨਾ ਹੋਇਆ। ਛੋਟੀ ਉਮਰ ਵਿੱਚ ਹੀ ਸ਼ਾਦੀ ਹੋ ਗਈ ਸੀ।

ਸ੍ਰ.ਸੋਹਣ ਸਿੰਘ ਭਕਨਾ ਦੇ ਕੂਕਾ ਲਹਿਰ ਦੇ ਬਾਬਾ ਕੇਸਰ ਸਿੰਘ ਨਾਲ ਮੇਲ ਨੇ ਉਹਨਾਂ ਦੀ ਜ਼ਿੰਦਗੀ ਵਿੱਚ ਨਵਾਂ ਮੋੜ ਲੈ ਆਂਦਾ। ਇਸ ਮੇਲ ਨੇ ਸੋਹਨ ਸਿੰਘ ਭਕਨਾ ਨੂੰ ਗੁਰੂ ਘਰ ਨਾਲ ਜੋੜਿਆ ਤੇ ਭਕਨਾ ਦੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ। ਸੰਨ 1907 ਵਿੱਚ ਖੇਤੀ ਅੰਦੋਲਨ ਨੇ ਸਾਰੇ ਪੰਜਾਬ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ। ਇਸ ਅੰਦੋਲਨ ਦੇ ਮੁੱਖ ਨੇਤਾ ਸ੍ਰ.ਭਗਤ ਸਿੰਘ ਦੇ ਚਾਚਾ ਸ੍ਰ.ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫੀ ਅੰਬਾ ਪ੍ਰਸਾਦ, ਸੱਯਦ ਹੈਦਰ ਰਾਜਾ ਸਨ।ਕਵੀ ਬਾਂਕੇ ਦਿਆਲ ਦੀ ਕਵਿਤਾ 'ਪੱਗੜੀਸੰਭਾਲਜੱਟਾ' ਲਿੱਖਣ ਕਰਕੇ ਇਸ ਨੂੰ ਵੀ ਅੰਗਰੇਜ਼ ਹਕੂਮਤ ਨੇ ਗ੍ਰਿਫਤਾਰ ਕਰ ਲਿਆ ਸੀ। ਇਸ ਐਜ਼ੀਟੇਸ਼ਨ ਸਬੰਧੀ ਸੋਹਨ ਸਿੰਘ ਭਕਨਾ ਵੀ ਪੂਰਾ ਚੇਤੰਨ ਸੀ। ਸੋਹਨ ਸਿੰਘ ਭਕਨਾ ਨੇ ਇਸ ਲਹਿਰ ਸਬੰਧੀ ਆਪਣਾ ਰੋਲ ਬਾਖ਼ੂਬੀ ਨਿਭਾਇਆ।ਘਰ ਦੀ ਹਾਲਤ ਦਿਨੋਂ ਦਿਨ ਨਿੱਘਰਦੀ ਜਾ ਰਹੀ ਸੀ। ਕਰਜ਼ਾ ਦਿਨੋਂ ਦਿਨ ਵੱਧਦਾ ਜਾ ਰਿਹਾ ਸੀ।

ਇਸ ਲਈ 3 ਫਰਵਰੀ 1909 ਈ: ਨੂੰ ਸੋਹਨ ਸਿੰਘ ਭਕਨਾ ਕਮਾਈ ਕਰਨ ਲਈ ਅਮਰੀਕਾ ਪਹੁੰਚ ਗਿਆ।ਕੋਲੰਬੀਆਂ ਵਿੱਚ ਉਸਨੂੰ 'ਮਨਾਰਕ ਮਿੱਲ' ਲੱਕੜੀ ਦੇ ਕਾਰਖਾਨੇ ਵਿੱਚ ਦੋ-ਢਾਈ ਡਾਲਰ ਦਿਹਾੜੀ ਤੇ ਕੰਮ ਮਿਲਿਆ। ਉਸ ਤੋਂ ਬਾਅਦ ਹਰ ਤਰ੍ਹਾਂ ਦੀ ਬੜੀ ਹੀ ਸਖਤ ਮਿਹਨਤ ਮਜ਼ਦੂਰੀ ਕਰਨੀ ਪਈ। ਇਸ ਦੌਰਾਨ ਸੋਹਨ ਸਿੰਘ ਭਕਨਾ ਨੇ ਦੇਖਿਆ ਕਿ ਅਮਰੀਕਾ ਵਿੱਚ ਹਿੰਦੋਸਤਾਨੀ ਮਜ਼ਦੂਰਾਂ, ਵਪਾਰੀਆਂ ਨਾਲ ਕੋਈ ਚੰਗਾ ਵਰਤਾਉ ਨਹੀ ਸੀ ਹੁੰਦਾ। ਇੱਥੇ ਹੀ ਉਹਨਾਂ ਇੱਕ ਹਿੰਦੋਸਤਾਨੀ ਸੁਸਾਇਟੀ ' ਹਿੰਦੋਸਤਾਨ ਐਸੋਸੀਏਸ਼ਨ ਆਫਪੈਸੀਫਿਕਕੋਸਟ' ਬਣਾਈ। ਸੋਹਨ ਸਿੰਘ ਭਕਨਾ ਇਸ ਸੁਸਾਇਟੀ ਦੇ ਪ੍ਰਧਾਨ, ਜੀ.ਡੀ ਕੁਮਾਰ ਮੁੱਖ ਸਕੱਤਰ, ਪੰਡਿਤ ਕਾਸ਼ੀ ਰਾਮ ਖਜ਼ਾਨਚੀ ਸਨ ਤੇ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ ਕਸੇਲ ਤੇ ਰਾਮ ਰੱਖਾ ਨੂੰ ਵੀ ਸ਼ਾਮਿਲ ਕੀਤਾ ਗਿਆ। ਬਾਅਦ ਵਿੱਚ ਇਸ ਜਥੇਬੰਦੀ ਦਾ ਨਾਮ ਬਦਲ ਕੇ 'ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕਕੋਸਟ' ਰੱਖਿਆ ਗਿਆ ਤੇ ਕੁੱਝ ਅਹੁਦੇਦਾਰ ਚੇਂਜ਼ ਕੀਤੇ ਗਏ ਜਿਵੇਂ ਬਾਬਾ ਸੋਹਨ ਸਿੰਘ ਭਕਨਾ ਤਾਂ ਪ੍ਰਧਾਨ ਹੀ ਰਹੇ। ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ, ਠਾਕੁਰ ਦਾਸ ਜਾਇੰਟ ਸਕੱਤਰ ਤੇ ਪੰਡਿਤ ਕਾਸ਼ੀ ਰਾਮ ਖਜ਼ਾਨਚੀ ਸਨ। ਇਸ ਐਸੋਸੀਏਸ਼ਨ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ 'ਗਦਰ' ਅਖਬਾਰ ਵੀ ਕੱਢਿਆ, ਜਿਸ ਦੀ ਜ਼ਿੰਮੇਵਾਰੀ ਲਾਲਾ ਹਰਦਿਆਲ ਨੂੰ ਸੌਂਪੀ।

ਲਾਲਾ ਹਰਦਿਆਲ ਨੇ ਸ੍ਰ.ਕਰਤਾਰ ਸਿੰਘ ਸਰਾਭਾ ਤੇ ਰਘਬੀਰ ਦਿਆਲ ਦੀ ਮੱਦਦ ਨਾਲ ਨਵੰਬਰ 1913 ਨੂੰ ਪਹਿਲਾ ਪਰਚਾ ਕੱਢਿਆ। ਅਗਲੇ ਹੀ ਸਾਲ ਜਦੋਂ ਕਾਫੀ ਜਦੋ-ਜਹਿਦ ਤੋਂ ਬਾਅਦ 24 ਹਜ਼ਾਰ ਡਾਲਰ ਦਾ ਰਾਸ਼ਨ ਲੈ ਕੇ ਕਾਮਾਗਾਟਾਮਾਰੂ ਜ਼ਹਾਜ 23 ਜੁਲਾਈ 1914 ਨੂੰ ਵਾਪਸ ਵਤਨ ਪਰਤਿਆ ਤਾਂ 'ਗਦਰ' ਅਖਬਾਰ ਨੇ 'ਕਾਮਾਗਾਟਾਮਾਰੂ' ਜ਼ਹਾਜ ਤੇ ਸਪੈਸ਼ਲ ਅੰਕ ਕੱਢਿਆ। ਜਦ 'ਕਾਮਾਗਾਟਾਮਾਰੂ' ਜ਼ਹਾਜ ਨੂੰ ਭਾਰਤ ਪਰਤਨ ਦੀ ਮਨਜ਼ੂਰੀ ਮਿਲ ਗਈ ਤਾਂ ਗਦਰ ਪਾਰਟੀ ਦੇ ਗੁਪਤ ਕਮਿਸ਼ਨ ਨੇ ਬਾਬਾ ਸੋਹਨ ਸਿੰਘ ਭਕਨਾ ਨੂੰ ਯੋਕੋਹਾਮਾ ਦੇ ਰਸਤੇ ਭਾਰਤ ਭੇਜਣ ਦਾ ਪ੍ਰੋਗਰਾਮ ਬਣਾਇਆ। ਇਸ ਪ੍ਰੋਗਰਾਮ ਤਹਿਤ ਕੁਝ ਹਥਿਆਰ ਭੇਜਣੇ ਸਨ। ਇਸ ਲਈ ਪਾਰਟੀ ਨੇ 200 ਪਿਸਤੋਲ ਤੇ ਕਾਫੀ ਗੋਲੀ ਸਿੱਕਾ ਬਾਬਾ ਸੋਹਣ ਸਿੰਘ ਭਕਨਾ ਨੇ ਇਹ ਅਸਲਾ ਭਾਰਤ ਲਿਆ ਕੇ ਅਜ਼ਾਦੀ ਦੇ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਵਰਤਣੀਆਂ ਸਨ, ਪਰ ਬਦਕਿਸਮਤੀ ਨਾਲ ਬੜੀਆਂ ਮੁਸ਼ਕਿਲਾਂ ਦੇ ਬਾਵਜੂਦ ਕਲਕੱਤਾ ਪਹੁੰਚ ਕੇ 13 ਅਕਤੂਬਰ 1914 ਨੂੰ ਗ੍ਰਿਫਤਾਰ ਕਰ ਲਿਆ।

ਬਾਬਾ ਸੋਹਨ ਸਿੰਘ ਭਕਨਾ ਮਜ਼ਦੂਰ ਕਿਸਾਨਾਂ ਦੇ ਹਮੇਸ਼ਾਂ ਹਮਾਇਤੀ ਰਹੇ। ਜੇਲ ਵਿੱਚ ਨਜ਼ਰਬੰਦੀ ਦੌਰਾਨ ਉਹਨਾਂ ਨੇ ਕਈ ਕਿਤਾਬਾਂ ਵੀ ਲਿਖੀਆਂ। ਜਿੰਨ੍ਹਾਂ ਵਿੱਚ 'ਜੀਵਨ ਸੰਗਰਾਮ' ਬੇਹੱਦ ਮਕਬੂਲ ਹੋਇਆ। 'ਜੀਵਨ ਕਰਤੱਵ' , 'ਇਨਕਲਾਬੀ ਲਹਿਰ' , 'ਭਾਰਤ ਵਿੱਚ ਇਸਤਰੀ ਜਾਤੀ' ਤੇ 'ਦੁੱਖ ਗਰੀਬੀ' ਆਦਿ ਬਾਰੇ ਕਈ ਪੁਸਤਕਾਂ ਛਪੀਆਂ।ਬਾਬਾ ਸੋਹਨ ਸਿੰਘ ਭਕਨਾ ਨੇ ਆਪਣੀ ਜ਼ਿੰਦਗੀ ਦੇ ਜ਼ਿਆਦਾਤਰ ਸਾਲ ਅਜ਼ਾਦੀ ਪ੍ਰਾਪਤ ਕਰਨ ਲਈ ਜੇਲਾਂ ਵਿੱਚ ਕੱਟੇ।ਬਾਬਾ ਸੋਹਨ ਸਿੰਘ ਭਕਨਾ 1930 ਵਿੱਚ ਰਿਹਾ ਹੋ ਕੇ ਆਪਣੇ ਜੱਦੀ ਪਿੰਡ ਪਹੁੰਚੇ।ਪਿੰਡ ਪਹੁੰਚ ਕੇ ਉਹਨਾਂ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਕਿਸਾਨਾਂ ਤੇ ਮਜ਼ਦੂਰਾਂ ਦੀ ਵੱਧ ਚੜ੍ਹ ਕੇ ਮਦਦ ਕੀਤੀ।ਜੋ ਇਹਨਾਂ ਮਹਾਨ ਗਦਰੀਆਂ ਨੇ ਅਜ਼ਾਦੀ ਦਾ ਸੁਪਨਾ ਲਿਆ ਸੀ,ਉਹ ਪੂਰਾ ਹੋਇਆ ਤੇ 15ਅਗਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ, ਪਰ ਅੰਗਰੇਜ਼ ਹਕੂਮਤ ਨੇ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਹਿੰਦੋਸਤਾਨ ਦੀ ਧਰਤੀ ਤੇ ਕਦੇ ਨਾ ਮਟਾਈ ਜਾ ਸਕਣ ਵਾਲੀ ਇੱਕ ਲਕੀਰ ਖਿੱਚ ਦਿੱਤੀ ਜੋ ਸ਼ਾਇਦ ਕਦੇ ਨਾ ਮਿਟਾਈ ਜਾ ਸਕੇ। ਅੰਤ ਬਾਬਾ ਸੋਹਨ ਸਿੰਘ ਭਕਨਾ 21 ਦਸੰਬਰ 1968 ਨੂੰ ਅਕਾਲ ਚਲਾਣਾ ਕਰ ਗਏ।

**-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ:ਚੱਬਾ,**
**ਤਰਨ ਤਾਰਨ ਰੋਡ, ਅੰਮ੍ਰਿਤਸਰ**

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੁਰਿੰਦਰ ਸਿੰਘ ਨਿੱਝਰ ਅਕਾਲ ਚਲਾਣਾ ਕਰ ਗਏ

## ਨਿੱਜਰ ਪਰਿਵਾਰ ਅਤੇ ਫੋਰਟਲ (Fortel) ਕੰਪਨੀ ਦੇ ਵਰਕਰਾਂ ਨੂੰ ਭਾਰੀ ਸਦਮਾ



## ਸਵ. ਸੁਰਿੰਦਰ ਸਿੰਘ ਨਿੱਝਰ (ਇੰਗਲੈਂਡ)

ਆਪ ਜੀ ਨੂੰ ਬਹੁਤ ਹੀ ਦੁਖਦਾਈ ਖ਼ਬਰ ਦੱਸਣ ਜਾ ਰਹੇ ਹਾਂ ਕਿ ਉੱਘੇ ਸਮਾਜ ਸੇਵੀ ਅਤੇ ਇੰਗਲੈਂਡ ਦੀ ਮਸ਼ਹੂਰ ਕੰਪਨੀ **ਫੋਰਟਲ ਦੇ ਮਾਲਕ ਸੁਰਿੰਦਰ ਸਿੰਘ ਨਿੱਝਰ ਜੀ** ਅਕਾਲ ਪੁਰਖ ਵੱਲੋਂ ਦਿੱਤੇ ਹੋਏ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਅਕਾਲ ਚਲਾਣਾ ਕਰ ਗਏ ਹਨ ਅਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਪੰਜਾਬ ਦੇ ਵਿੱਚ ਪਿੰਡ ਖਜੂਰਲਾ ਲਾਗੇ ਸਕੋਡਾ ਫਾਰਮ ਵਿਖੇ ਕਰ ਦਿੱਤਾ ਗਿਆ ਹੈ। ਸੁਰਿੰਦਰ ਸਿੰਘ ਨਿੱਝਰ (ਇੰਗਲੈਂਡ) ਆਮ ਲੋਕਾਂ ਵਾਂਗ ਇੰਗਲੈਂਡ ਆਏ ਸਨ ਅਤੇ ਇੱਥੇ ਆ ਕੇ ਉਨ੍ਹਾਂ ਨੇ ਬਹੁਤ ਵੱਡੀਆਂ ਮੱਲ੍ਹਾਂ ਮਾਰੀਆਂ। ਆਮ ਵਰਕਰ ਤੋਂ ਆਪਣਾ ਕੰਮ ਸ਼ੁਰੂ ਕਰਕੇ **ਫੋਰਟਲ** ਵਰਗੀ ਵੱਡੀ ਕੰਪਨੀ ਖੜ੍ਹੀਕੀਤੀ, ਜਿੱਥੇ ਅੱਜ ਹਜ਼ਾਰਾਂ ਵਰਕਰ ਆਪਣੀ ਰੋਜ਼ੀ-ਰੋਟੀ ਕਮਾ ਰਹੇ ਹਨ ਅਤੇ ਇਸ ਕੰਪਨੀ ਨੇ ਇੰਗਲੈਂਡ ਦੇ ਵਿੱਚ ਆਪਣਾ ਬਹੁਤ ਨਾਮ ਕਮਾਇਆ ਹੈ। ਸੁਰਿੰਦਰ ਸਿੰਘ ਨਿੱਜਰ ਜੀ ਪਿੰਡ ਡੁਮੇਲੀ (ਪੰਜਾਬ) ਨਾਲ ਸਬੰਧ ਰੱਖਦੇ ਸਨ ਤੇ ਇੰਗਲੈਂਡ ਵਿੱਚ ਉਨ੍ਹਾਂ ਦੀ ਕੰਪਨੀ ਦਾ ਹੈਡ ਆਫਿਸ ਵਾਲਸਾਲ ਵਿਖੇ ਹੈ। ਸੋ ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਕੰਪਨੀ ਦੇ ਸਾਰੇ ਹੀ ਵਰਕਰਾਂ ਨੂੰ ਅਤੇ ਉਹਨਾਂ ਦੀ ਜਾਣ ਪਹਿਚਾਣ ਵਾਲਿਆਂ ਨੂੰ ਬਹੁਤ ਗਹਿਰਾ ਸਦਮਾ ਪਹੁੰਚਿਆ ਹੈ। ਸੁਰਿੰਦਰ ਸਿੰਘ ਨਿੱਝਰ ਬਹੁਤ ਹੀ ਨੇਕ ਸੁਭਾਅ ਅਤੇ ਸਮਾਜ ਸੇਵੀ ਸੋਚ ਦੇ ਮਾਲਕ ਸਨ। ਇੰਗਲੈਂਡ ਦੇ ਕਿਸੇ ਵੀ ਗੁਰਦੁਆਰਾ ਸਾਹਿਬ ਜਾਂ ਕਿਸੇ ਨੇ ਵੀ ਉਨ੍ਹਾਂ ਨੂੰ ਜਦੋਂ ਵੀ ਕੋਈ ਸੇਵਾ ਵਾਸਤੇ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਉਥੇ ਸੇਵਾ ਕੀਤੀ। ਇਸੇ ਤਰ੍ਹਾਂ ਪੰਜਾਬ ਵਿੱਚ ਉਹ ਵੱਖ-ਵੱਖ ਥਾਵਾਂ 'ਤੇ ਹਰੇਕ ਸਾਲ ਜਦੋਂ ਵੀ ਪੰਜਾਬ ਜਾਂਦੇ ਅੱਖਾਂ ਦਾ ਕੈਂਪ, ਮੁਫ਼ਤ ਮੈਡੀਕਲ ਕੈਂਪ ਜਾਂ ਹੋਰ ਵੀ ਜਿਹੜੀਆਂ ਸਮਾਜ ਸੇਵਾਵਾਂ ਹੁੰਦੀਆਂ ਸਨ, ਉਹ ਕਰਦੇ ਸਨ। ਹੁਣ ਵੀ ਪਿਛਲੇ ਦਿਨੀ ਧੂਰੀ ਵਿਖੇ ਇੱਕ ਮੈਡੀਕਲ ਕੈਂਪ ਆਯੋਜਨ ਕੀਤਾ ਸੀ। ਪਿਛਲੇ 10 ਕੁ ਦਿਨਾਂ ਤੋਂ ਉਹ ਬਿਮਾਰ ਹੋਣ ਕਰਕੇ ਪੰਜਾਬ ਚਲੇ ਗਏ ਸਨ ਤੇ ਪੰਜਾਬ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਪਰ ਉਸ ਅਕਾਲ ਪੁਰਖ ਵਾਹਿਗੁਰੂ ਦੇ ਅੱਗੇ ਕੋਈ ਜੋਰ ਨਹੀਂ ਚਲਦਾ। ਜਿੰਨੀ ਗੁਰੂ ਮਹਾਰਾਜ ਨੇ ਸਵਾਸਾਂ ਦੀ ਪੂੰਜੀ ਬਖਸ਼ੀ ਹੈ ਉਤਨੀ ਹੀ ਭੋਗ ਸਕਦਾ ਹੈ। ਉਨ੍ਹਾਂ ਦੇ ਜਾਣ ਦੇ ਨਾਲ ਕੰਪਨੀ ਦੇ ਵਰਕਰਾਂ ਅਤੇ ਨਿੱਝਰ ਪਰਿਵਾਰ ਨੂੰ ਬਹੁਤ ਭਾਰੀ ਘਾਟਾ ਪਿਆ ਹੈ।

**ਅਸੀਂ ਅਦਾਰਾ 'ਆਵਾਜ਼ਿ ਕੌਮ' ਵੱਲੋਂ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਪਰਮਾਤਮਾ ਸੁਰਿੰਦਰ ਸਿੰਘ ਨਿੱਝਰ ਜੀ ਦੀ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਨਿੱਜਰ ਪਰਿਵਾਰ, ਰਿਸ਼ਤੇਦਾਰਾਂ ਤੇ ਫੋਰਟਲ ਕੰਪਨੀ ਦੇ ਸਾਰੇ ਹੀ ਵਰਕਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।**

ਆਵਾਜ਼ਿ ਕੌਮ
AWAZE QAUM
International Newspaper & WEB TV


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥
ਬ੍ਰਹਮਗਿਆਨੀ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ
20 ਸਾਲਾ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂਵਾਲੇ
ਸੱਚਖੰਡ ਵਾਸੀ ਮਹਾਂਪੁਰਖ
ਬਾਬਾ ਠਾਕੁਰ ਸਿੰਘ ਜੀ
ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਬਹੁਤ ਸ਼ਰਧਾਂ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿਚ ਪੰਥ ਦੇ ਮਹਾਨ ਸੰਤ ਮਹਾਂਪੁਰਖ, ਰਾਗੀ, ਕਥਾਵਾਚਕ ਅਤੇ ਢਾਡੀ - ਕਵੀਸ਼ਰ ਪਹੁੰਚ ਰਹੇ ਹਨ। ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਮਾਗਮ ਵਿਚ ਤਿੰਨੇ ਦਿਨ ਹਾਜ਼ਰੀਆਂ ਭਰ ਕੇ ਗੁਰੂ ਜਸ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ।
ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਦਸੰਬਰ 2024 ਦਿਨ ਸ਼ੁਕਰਵਾਰ ਸਵੇਰੇ 9:30 ਵਜੇ, ਭੋਗ ਸ੍ਰੀ ਅਖੰਡ ਪਾਠ ਸਾਹਿਬ 29 ਦਸੰਬਰ 2024 ਦਿਨ ਐਤਵਾਰ ਸਵੇਰੇ 9:30 ਵਜੇ
ਨੋਟ:- 27 ਅਤੇ 28 ਦਸਬੰਰ ਰਾਤ ਨੂੰ ਭਾਰੀ ਦੀਵਾਨ ਸੱਜਣਗੇ। ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜੱਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਨਾਲ ਨਿਹਾਲ ਕਰਨਗੇ।
ਗੁਰੂ ਪੰਥ ਦੇ ਦਾਸ-ਦਮਦਮੀ ਟਕਸਾਲ ਦੇ ਵਿਦਿਆਰਥੀ ਅਤੇ ਸਮੂੰਹ ਸਾਧਸੰਗਤ ਡਰਬੀ
ਸਥਾਨ- ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ DE23 6QJ-07916253241


ਗ੍ਰਾਮ ਪੰਚਾਇਤ ਢੰਡੋਵਾਲ ਵੱਲੋਂ ਸ਼ਹੀਦ ਬਾਬਾ ਸੁਖਚੇਤ ਸਿੰਘ ਜੀ ਦੇ ਸ਼ਹੀਦੀ ਅਸਥਾਨਾਂ 'ਤੇ
ਸਵ: ਸ. ਨਾਜਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ
58ਵਾਂ ਸਲਾਨਾ ਛਿੰਝ ਮੇਲਾ ਢੰਡੋਵਾਲ
14 ਜਨਵਰੀ 2025 ਮੰਗਲਵਾਰ
ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)
ਪਟਕੇ ਦੀ ਕੁਸ਼ਤੀ
ਭੁਪਿੰਦਰ ਅਜਨਾਲਾ
(ਪੰਜਾਬ ਕੇਸਰੀ)
ਪ੍ਰਿਤਪਾਲ ਫਗਵਾੜਾ
(ਭਾਰਤ ਕੇਸਰੀ)
ਇਸ ਤੋਂ ਇਲਾਵਾ ਸਹਿਬਾਜ਼ ਆਲਮਗੀਰ, ਗੌਰਵ ਅਜਨਾਲਾ, ਸੁਰਿੰਦਰ ਸ਼ਾਹਕੋਟ, ਸੂਜਲ ਫਗਵਾੜਾ, ਨੂਰ ਆਲਮਗੀਰ, ਮੁਕੇਸ਼ ਕੌਹਾਲੀ, ਅਜੇ ਪਾਲ ਖੰਨਾ, ਜੱਸਾ ਫਗਵਾੜਾ
ਨੋਟ: ਸਿਰਫ਼ ਸੱਦੇ ਹੋਏ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਹੀ ਕੁਸ਼ਤੀਆਂ ਹੋਣਗੀਆਂ।
ਵੱਲੋਂ: ਗ੍ਰਾਮ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ
ਸੰਪਰਕ: 98151-02950, 82840-32366, 97798-12352
ਛਿੰਝ ਮੇਲੇ ਦਾ ਲਾਈਵ ਪ੍ਰਸਾਰਣ
ਆਵਾਜ਼ਿ ਕੌਮ AWAZE QAUM WEB TV
'ਤੇ ਦੇਖਿਆ ਜਾ ਸਕਦਾ ਹੈ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਗਰ ਸੋਰੇਜੀਨਾ ਦੀਆਂ ਸਿੱਖ ਸੰਗਤਾਂ ਵੱਲੋਂ ਲਈ ਗਈ ਹੈ

# ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ ਜੀ

☛ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸ੍ਰੀ ਅਨੰਦਪੁਰ ਸਾਹਿਬ ਜੀ ਛੱਡਿਆ ☛ ਅਵਤਾਰ ਪੁਰਬ ਬਾਬਾ ਅਟੱਲ ਰਾਏ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ☛ ਮਹਾਨ ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ੁੱਕਰਵਾਰ ਅਤੇ ਸ਼ਨਿੱਚਰਵਾਰ 21 ਦਸੰਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ।**

ਐਤਵਾਰ 22 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਗਿਆਨੀ ਜਸਪਾਲ ਸਿੰਘ ਬਟਾਲਾ ਦਮਦਮੀ ਟਕਸਾਲ ਵਾਲੇ ਕਥਾ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥



ਆਵਾਜ਼ਿ ਕੌਮ AWAZE QAUM International Newspaper & WEB TV

# ਮਹਾਨ ਸ਼ਹੀਦੀ ਸਮਾਗਮ

## 19 ਜਨਵਰੀ, 2025 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ ਮੁਕਤਸਰ ਦੇ 40 ਮੁਕਤੇ ਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰੇਕ ਸਾਲ ਦੀ ਤਰਾਂ ਸ਼ਹੀਦੀ ਸਮਾਗਮ ਹੋ ਰਿਹਾ ਹੈ । ਸਾਰੀਆਂ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਸਭ ਨੇ ਪਰਿਵਾਰ ਸਮੇਤ ਪਹਉਚਣ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

--★ ਪ੍ਰੋਗਰਾਮ ★--

19 ਜਨਵਰੀ 2025 ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਦਾ ਸਵੇਰੇ 10 ਵਜੇ

ਸ਼ਬਦ ਕੀਰਤਨ ,ਕਥਾ ਅਤੇ ਢਾਡੀ ਜਥਾ ਪ੍ਰਸੰਗ ਸੁਣਾਵੇਗਾ

ਆਪ ਜੀ ਦਾ ਸਵਾਗਤ ਕਰਤਾ **ਸਰਦਾਰ ਬਲਜੀਤ ਸਿੰਘ ਕੰਗ ਅਤੇ ਪਰਿਵਾਰ**

★ ਵਧੇਰੇ ਜਾਣਕਾਰੀ 07780605230 ★

**Address: GURDWARA BABA SANG JI**

**9 St Paul's Rd, Smethwick Birmingham B66 1EE**

ਬਾਬਾ ਖ਼ਜਾਨਾ ਸੇਵਾ ਸੁਸਾਇਟੀ ਵੱਲੋਂ ਫਰੀ ਮੈਡੀਕਲ ਕੈਂਪ ਲਗਾਉਣ ਉਪਰੰਤ

# ਲੋੜਵੰਦਾਂ ਦੇ ਆਪ੍ਰੇਸ਼ਨ ਕਰਵਾ ਕੇ ਲੈਂਜ਼ ਪੁਆਏ ਗਏ

## ਮਾਨਵਤਾ ਦੀ ਸੇਵਾ ਤੋਂ ਵਧ ਕੇ ਕੁਝ ਵੀ ਨਹੀਂ : ਸ੍ਰ ਕਪਤਾਨ ਸਿੰਘ ਯੂ ਕੇ ਫਾਊਡਰ ਬਾਬਾ ਖ਼ਜਾਨਾ ਸੇਵਾ ਸੁਸਾਇਟੀ ਪਿੰਡ ਕੋਟ ਖ਼ਜਾਨਾ ਗੁਰਦਾਸਪੁਰ












ਬਾਬਾ ਖ਼ਜਾਨਾ ਸੇਵਾ ਸੁਸਾਇਟੀ ਵੱਲੋਂ 15 ਦਸੰਬਰ ਨੂੰ ਜੋ ਆਪਣੇ ਪਿੰਡ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ ਸੀ ਤੇ ਚੈੱਕਅਪ ਦੇ ਦੌਰਾਨ ਜਿਹਨਾਂ ਦੇ ਲੈਂਜ ਪੈਣੇ ਜਾਂ ਐਪਰਸ਼ਨ ਹੋਣੇ ਸੀ ਉਹ ਅੱਜ ਕਰਾਏ ਗਏ ਵਾਹਿਗੁਰੂ ਸਾਰਿਆਂ ਨੂੰ ਤੰਦਰੁਸਤੀ ਬਖਸ਼ੇ ਅਤੇ ਆਪਣੇ ਦਾਸਰਿਆ ਤੋ ਇਸੇ ਤਰ੍ਹਾਂ ਸੇਵਾ ਲੈਂਦੇ ਰਹਿਣ ਖਾਸ਼ਕਰ ਨੌਜਵਾਨਾਂ ਭਰਾ ਹਰਪਾਲ ਸਿੰਘ ਸਾਬ ਗੁਰਵਿੰਦਰ ਸਿੰਘ ਵਿਸ਼ਾਲ ਹਰਪ੍ਰੀਤ ਸਿੰਘ ਕੋਕੀ ਸੁਖਪਾਲ ਸਿੰਘ ਖੰਨਾ ਗੁਰਜੰਟ ਸਿੰਘ ਰਣਜੀਤ ਸਿੰਘ ਰਾਣਾ ਸੰਦੀਪ ਸਿੰਘ ਵੱਡੂ ਸਿੰਘ ਤੇ ਸਹਿਯੋਗੀ ਸੰਗਤਾਂ ਦਾ ਬਹੁਤ ਬਹੁਤ ਧੰਨਵਾਦ

## ਵੱਲੋਂ : ਬਾਬਾ ਖ਼ਜਾਨਾ ਸੇਵਾ ਸੁਸਾਇਟੀ

ਚੇਅਰਮੈਨ ਸ਼ਿੰਦਰਪਾਲ ਕੌਰ ਯੂ ਐਸ ਏ

ਸ੍ਰ ਕਪਤਾਨ ਸਿੰਘ ਯੂ ਕੇ, ਫਾਊਡਰ ਬਾਬਾ ਖ਼ਜਾਨਾ ਸੇਵਾ ਸੁਸਾਇਟੀ ਪਿੰਡ ਕੋਟ ਖ਼ਜਾਨਾ ਗੁਰਦਾਸਪੁਰ

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਇੱਕ ਇਨਕਲਾਬ ਦਾ ਨਾਮ ਅਨੰਦਪੁਰ ਸਾਹਿਬ ਹੈ : ਪੰਜੋਲੀ

ਅਨੰਦਪੁਰ ਦੀ ਧਰਤੀ ਇਨਕਲਾਬੀ ਧਰਤੀ ਹੈ ।ਅਨੰਦਪੁਰ ਕੇਵਲ ਇੱਕ ਸ਼ਹਿਰ ਦਾ ਨਾਮ ਨਹੀ ,ਇੱਕ ਸਕੰਲਪ ਦੀ ਰੂਪ ਰੇਖਾ ਹੈ ।ਅਨੰਦਪੁਰ ਭਾਰਤੀ ਮਨੁੱਖ ਦੀ ਅਤੇ ਉਸ ਤੋ ਵੀ ਅੱਗੇ ਵਿਸ਼ਵ ਮਨੁੱਖ ਦੀ ਕਾਇਆ ਪਲਟ ਦੇਣ ਦਾ ਇੱਕ ਪ੍ਰਣ ਹੈ ।ਅਨੰਦਪੁਰ ਧਰਮ ਅਤੇ ਸਮਾਜ ਦੀ ਨਵੀਂ ਪਹਿਚਾਣ ਹੈ । ਅਨੰਦਪੁਰ ਮਹਿਜ ਇੱਕ ਸਾਧੂ ਆਸ਼ਰਮ ਨਹੀ ਹੈ , ਅਮਲ ਦਾ ਮੈਦਾਨ ਹੈ ।ਅਨੰਦਪੁਰ ਬਾਜਾ ਦੀ ਬੇਵਸੀ ਅਤੇ ਚਿੜੀਆਂ ਦੀ

ਆਵਾਜ਼ਿ ਕੌਮ AWAZE QAUM International Newspaper & WEB TV

ਉਡਾਣ ਹੈ ।ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਦੀ ਕਰਮ ਭੂਮੀ , ਰਾਜਿਆਂ ਦੀ ਖੈ ਅਤੇ ਰੰਕਾਂ ਦੀ ਜੈ ਦਾ ਐਲਾਨ ਹੈ ।ਜਹਾਨ ਦੇ ਮਾਲਕ ਅਤੇ ਕੁੱਲ ਦੁਨੀਆ ਦੇ ਬਾਦਸ਼ਾਹ ਕਹਾਉਣ ਵਾਲੇ ਜਹਾਂਗੀਰਾ ਅਤੇ ਸਾਹਜਹਾਨਾ ਦੇ ਰਾਜ ਨੂੰ ਰੋਲ ਕੇ ਹੱਲ ਵਾਹੁਣ ਵਾਲਿਆ ਨੂੰ ਸ਼ਾਹੀ ਤਖ਼ਤ ਤੇ ਬਠਾਉਣਾ ਕੀ ਇਨਕਲਾਬ ਨਹੀ ।ਕੀ ਇਹ ਅਨੰਦਪੁਰੀ ਅਵਾਜ ਦਾ ਕ੍ਰਿਸ਼ਮਾ ਨਹੀ ਕਿ ਬੁੱਲ੍ਹੇਸ਼ਾਹ ਕਹਿੰਦਾ ਹੈ –– ਭੂਰਿਆ ਵਾਲੇ ਰਾਜੇ ਕੀਤੇ , ਮੂਗਲਾ ਜਹਿਰ ਪਿਆਲੇ ਪੀਤੇ ।–––ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਿਹਾ ਸੀ ਉਸ ਨੂੰ ਸੱਚ ਕਰ ਵਿਖਾਇਆ ।ਉਸ ਨੇ ਅਨੰਦਪੁਰ ਵਿੱਚ ਤਲਵਾਰ ਦੀ ਧਾਰ ਉੱਤੇ ਪਰਖ ਕੇ ਜਿਹਨਾ ਮਰਜੀਵੜਿਆ ਨੂੰ ਅਪਣੇ ਨਾਲ ਤੋਰਿਆ ਸੀ । ਉਹਨਾ ਨੂੰ ਅਦਰਸ ਮਨੁੱਖ , ਆਦਰਸ਼ ਸਮਾਜ ਅਤੇ ਆਦਰਸ਼ ਰਾਜ ਦੀ ਮੰਜ਼ਲ ਤੱਕ ਪਹੁੰਚਾਇਆ ।ਅਪਣੇ ਚੁਣੇ ਹੋਏ ਰਾਹ ਉੱਤੇ ਚੱਲਦਿਆਂ ਉਹਨਾ ਨੂੰ ਬੇਸ਼ੱਕ ਘੋਰ ਸੰਕਟਾ ਦਾ ਸਾਹਮਣਾ ਕਰਨਾ ਪਿਆ , ਪਰ ਉਨ੍ਹਾ ਨੇ ਅਪਣਾ ਨਿਸ਼ਾਨਾਂ ਅੱਖਾਂ ਉਜਲ ਨਹੀ ਹੋਣ ਦਿੱਤਾ ।ਅਨੰਦਪੁਰ ਦੀ ਸਰਜ਼ਮੀਨ ਉੱਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ " ਜਿਸ ਦੁੱਖਾਂ ਲੱਧੇ ਸਮਾਜ ਦਾ ਸੁਫ਼ਨਾ ਲਿਆ ਸੀ , ਉਸਨੂੰ ਪੂਰਾ ਕਰਨ ਉਹਨਾ ਨੇ ਅਪਣੇ ਪਿਤਾ ਸਾਹਿਬ ਸ੍ਰੀ ਗੁਰੂ ਤੇਗਬਹਾਦਰ ਪਾਤਸ਼ਾਹ ਜੀ ਨੂੰ ਸ਼ਹੀਦੀ ਲਈ ਆਪ ਤੋਰਿਆ , ਚਾਰੇ ਸਾਹਿਬਜ਼ਾਦੇ ਅਤੇ ਅਪਣੀ ਪੂਜਨੀਕ ਮਾਤਾ ਜੀ ਦੀ ਸ਼ਹਾਦਤ ਦਿੱਤੀ ਅਤੇ ਅਪਣੇ ਪੁੱਤਰਾਂ ਤੋਂ ਵੀ ਪਿਆਰੇ ਅਪਣੇ ਖ਼ਾਲਸੇ ਨੂੰ ਧਰਮ ਤੋ ਕੁਰਬਾਨ ਕੀਤਾ ।ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਅਨੰਦਪੁਰ ਸਾਹਿਬ ਦੀ ਥੇੜੀ ਤੋ ਖੜਕੇ ਦਿੱਲੀ ਦੇ ਤਖ਼ਤ ਨੂੰ ਲਲਕਾਰਿਆ ਸੀ ਕਿ " ਅਨੰਦਪੁਰ ਜਾਗਦਾ ਦਿੱਲੀਏ , ਅਨੰਦਪੁਰ ਜਾਗਦੇ ਰਹਿਣਾ , ਤੈਨੂੰ ਲਲਕਾਰਦਾ ਦਿੱਲੀਏ ਇਹਨੇ ਲਲਕਾਰਦੇ ਰਹਿਣਾ " ਪਰ ਹੁਣ ਅਨੰਦਪਰੀ ਵਿਰਾਸਤਾ ਦੇ ਵਾਰਸ ਕੁੰਭ ਕਰਨ ਦੀ ਨੀਂਦ ਸ਼ੌ ਗਏ ਹਨ ।ਅੱਜ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਤੋਂ ਪਿਆਰੇ ਭਾਈ ਜਗਜੀਤ ਸਿੰਘ ਡੱਲੇਵਾਲ ਖਨੌਰੀ ਬਾਰਡਰ ਉੱਤੇ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ ।ਗੁਰੂ ਸਿੰਘ ਦੇ ਲਾਡਲੇ ਸਿੰਘ , ਭਾਈ ਜਗਤਾਰ ਸਿੰਘ ਹਵਾਰਾ , ਭਾਈ ਬਲਵੰਤ ਸਿੰਘ ਰਾਜੋਆਣਾ ਫਾਸ਼ੀ ਵਾਲੀ ਕੋਠੜੀ ਵਿੱਚ ਲੰਮੇ ਸਮੇਂ ਤੋਂ ਬੰਦ ਹਨ , ਭਾਈ ਪਰਮਜੀਤ ਭਿਊਰਾ , ਭਾਈ ਜਗਤਾਰ ਸਿੰਘ ਤਾਰਾ ਲੰਮੇ ਸਮੇ ਜੇਲ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹਨ ।ਅਸਾਮ ਦੀ ਡਿਬਰੂਗੜ ਜੇਲ ਵਿੱਚ ਭਾਈ ਅਮਿਰਤਪਾਲ ਸਿੰਘ ਐਮ ਪੀ ਸਮੇਤ 8 ਸਿੰਘ ਪਿਛਲੇ ਦੋ ਸਾਲ ਬੰਦ ਹਨ । ਭਾਰਤ ਦੇਸ਼ ਦੀਆਂ ਪੱਤਾ ਨਹੀ ਕਿੰਨੀਆਂ ਜੇਲਾ ਵਿੱਚ ਕਿੰਨੇ ਸਿੰਘ ਨਜ਼ਰਬੰਦ ਹਨ ਪੰਥ ਨੂੰ ਉਹਨਾ ਦੀ ਗਿਣਤੀ ਵੀ ਸ਼ਾਇਦ ਨਾ ਪਤਾ ਹੋਵੇ ।ਗੁਰਬਾਣੀ ਦੇ ਸਹਾਰੇ ਚੱਲ ਰਹੇ ਪੀ ਟੀ ਸੀ ਚੈਨਲ ਉੱਤੇ ਕਿਸੇ ਬੰਦੀ ਸਿੰਘ ਰਿਹਾਈ ਦਾ ਤਾਂ ਭਾਵੇਂ ਜ਼ਿਕਰ ਕਦੀ ਨਾ ਹੋਇਆ ਹੋਵੇ ਪਰ ਕੌਮੀ ਆਗੂਆਂ ਦੀ ਕਿਰਦਾਰਕੁਸੀ ਜ਼ਰੂਰ ਸੁਣੀ ਜਾ ਸਕਦੀ ਹੈ ।ਪੰਥ ਦੇ ਵਾਰਸੋ ਅੱਜ ਦੇ ਦਿਨ ਬਾਈਧਾਰ ਦੇ ਪਹਾੜੀ ਰਾਜਿਆਂ ਅਤੇ ਮੁਗਲ ਹਾਕਮਾਂ ਨੇ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਝੂਠੀਆਂ ਸ਼ੌਹਾ ਖਾਕੇ ਅਨੰਦਪੁਰ ਛੰਡਵਾ ਲਿਆ ਸੀ ਪਰ ਤੁਸੀਂ ਤਾਂ ਆਪ ਹੀ ਅਨੰਦਪੁਰ ਛੱਡ ਦਿੱਤਾ। ਗੁਰੂ ਪਾਤਸ਼ਾਹ ਜੀ ਨੇ ਤਾਂ ਕਿਹਾ ਸੀ ਖਾਲਸਾ ਮੇਰੋ ਸੱਜਣ ਸੁਰਾ , ਖਾਲਸਾ ਮੇਰੋ ਸਤਿਗੁਰ ਪੂਰਾ ॥ ਆਓ ਅਨੰਦਪੁਰ ਵੱਲ ਮੂੰਹ ਕਰੀਏ ਅਤੇ ਗੁਰੂ ਦੇ ਸਨਮੁੱਖ ਹੋਕੇ ਖਾਲਸਾ ਪੰਥ ਦੀ ਚੜਦੀ ਕਲਾ ਲਈ ਜੱਦੋਜਹਿਦ ਕਰੀਏ ।





-ਕਰਨੈਲ ਸਿੰਘ ਪੰਜੋਲੀ

## ਜੇ ਕੌਮ ਨੂੰ ਜਿਉਂਦਾ ਰਖਣਾ ਤਾਂ

# ਸੁਖਬੀਰ ਵਰਤਾਰੇ ਦਾ ਭੋਗ ਪਾਉਣਾ ਪੈਣਾ

ਗਿਆਨੀ ਹਰਪ੍ਰੀਤ ਸਿੰਘ ਜੋ ਮਰਜੀ ਸਬੂਤ ਦੇਈ ਜਾਵੇ,ਸਿਖ ਆਗੂ ਜੋ ਮਰਜੀ ਵਕਾਲਤ ਕਰੀ ਜਾਣ,ਸੱਚ ਜੋ ਮਰਜੀ ਹੋਵੇ ਜਦ ਬਾਦਲ ਪਰਿਵਾਰ ਇਹ ਦਿਖਾਉਣ ਤੇ ਆ ਜਾਵੇ ਕਿ ਸਭ ਤੋ ਉਤੇ ਮੈਂ ਹਾਂ ਤੇ ਆਪਦੇ ਕਰਿੰਦਿਆਂ ਰਾਹੀਂ ਮਨਮਰਜੀ ਦਾ ਫੈਸਲਾ ਥੋਪ ਸਕਦਾ ਹਾਂ ਤਾਂ ਇਸ ਹਾਲਾਤ ਨੂੰ ਕਿਹੜੇ ਗੁਰੂ ਸਾਹਿਬ ਨੇ ਕਿਸ ਵੇਲੇ ਜਿਉ ਦਾ ਤਿਓਂ ਦਾ ਰਖਣ ਦਾ ਫੁਰਮਾਨ ਕੀਤਾ ਹੋਇਆ ?ਐਵੇ ਤੋਤਕੜੇ ਜਿਹੜੇ ਮਰਜੀ ਜੋੜੀ ਜਾਈਏ ਪਰ ਸਾਰੀ ਕੌਮ ਸੁਖਬੀਰ ਸਿੰਘ ਬਾਦਲ ਦੀ ਮੁਥਾਜ ਬਣੀ ਫਿਰਦੀ ਹੈ ।ਓਹਦੇ ਰਹਿਮੋਕਰਮ ਉਤੇ ਓਹ ਜਥੇਦਾਰ ਵੀ ਨੇ ਜਿਨਾ ਨੌ ਸਰਵਉਚ ਅਹੁਦਾ ਮੰਨਿਆ ਜਾਂਦਾ ਹੈ ਕਿ ਤਖਤ ਸੁਪਰੀਮ ਹਨ ।ਜੇ ਤਖਤਾਂ ਦੇ ਓਸ ਜਥੇਦਾਰ ਜਿਨਾ ਦੇ ਹੁਕਮਨਾਮੇ ਖਾਲਸਾ ਪੰਥ ਲਈ ਪਵਿਤਰ ਹਨ ਉਹ ਜਥੇਦਾਰ ਵੀ ਸੁਖਬੀਰ ਸਿੰਘ ਬਾਦਲ ਦੀ ਮਰਜੀ ਅਨੁਸਾਰ ਅਹੁਦੇ ਉਤੇ ਲਾਏ ਜਾਂ ਲਾਹੇ ਜਾਂਦੇ ਨੇ ਤਾਂ ਇਸ ਹਾਲਾਤ ਬਾਰੇ ਕੀ ਟਿਪਣੀ ਕਰੀਏ ।ਕਦੇ ਇਤਿਹਾਸ ਵਿਚ ਸਿਖ ਇਸ ਤਰਾਂ ਲਾਚਾਰ ਤੇ ਬੇਵਸ ਨਹੀ ਸੀ ਹੋਏ ।ਗੁਰਦੁਆਰਾ ਸੁਧਾਰ ਲਹਿਰ ਵਿਚੋ ਨਿਕਲੀ ਸਿਖ ਸੰਸਥਾਵਾ ਤੇ ਸੰਸਥਾਵਾ ਦੇ ਅਹੁਦੇਦਾਰ ਓਸ ਵੇਲੇ ਤਕ ਹੀ ਅਹੁਦੇ ਮਾਣ ਸਕਦੇ ਨੇ ਜਦ ਤੱਕ ਸੁਖਬੀਰ ਬਾਦਲ ਦੀ ਨਜਰ ਸਵੱਲੀ ਹੈ ।ਜਦ ਨਜਰ ਟੇਢੀ ਹੋ ਗਈ ਫੇਰ ਸਭ ਖਤਮ ।ਓਹ ਸੁਖਬੀਰ ਸਿੰਘ ਬਾਦਲ ਜੀਹਦੇ ਪੱਲੇ ਨਾ ਧਰਮ ਨਾ ਇਤਿਹਾਸ ਸਾਡੀ ਕੌਮ ਦਾ ਮਾਲਿਕ ਬਣਿਆ ਬੈਠਾ ਤੇ ਸਾਡੇ ਆਗੂ,ਪ੍ਰਚਾਰਕ ,ਕਵੀਸ਼ਰ,ਢਾਡੀ,ਸਾਧ ਸੰਤ ਐਵੇ ਪੰਪ ਮਾਰੀ ਜਾਂਦੇ ਨੇ ਕਿ ਖਾਲਸਾ ਆਜਾਦ ਹੈ ।ਜਿਹੋ ਜਿਹੇ ਘਰੇਲੂ ਮਹੌਲ ਵਿਚ ਸੁਖਬੀਰ ਦੀ ਪਰਵਰਿਸ਼ ਹੋਈ ਹੈ ਉਥੇ ਧਰਮ ਦਾ ਕੋਈ ਕੰਮ ਹੀ ਨਹੀ ।ਜਦ ਵੱਡੇ ਵਡੇ ਅਹੁਦੇਦਾਰ ਆਕੇ ਸੁਖਬੀਰ ਦੀ ਚਾਪਲੂਸੀ ਕਰਕੇ ਕੁਛ ਸਵਾਰਥ ਪੂਰੇ ਕਰਦੇ ਰਹੇ ਤੇ ਸੁਖਬੀਰ ਇਹ ਦੇਖਦਾ ਵੱਡਾ ਹੋਇਆ ।ਇਸ ਮਹੌਲ ਵਿਚ ਪਲੇ ਸੁਖਬੀਰ ਨੂੰ ਇਨਾ ਅਹੁਦੇਦਾਰਾਂ ਤੇ ਜਥੇਦਾਰ ਦੀ ਕੀ ਇਜਤ ਹੋ ਸਕਦੀ ਹੈ ।ਹੁਣ ਸੁਖਬੀਰ ਸਿੰਘ ਬਾਦਲ ਦਾ ਪੁਤਰ ਜਦ ਦੇਖਦਾ ਸੁਣਦਾ ਸਮਝਦਾ ਹੈ ਕਿ ਅਕਾਲ ਤਖਤ ਸਾਹਿਬ ,ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਵੱਡੇ ਵਡੇ ਆਗੂ ਮੇਰੇ ਪਿਓ ਦੇ ਤਰਲੇ ਲੈਂਦੇ ਨੇ,ਮਿੰਨਤਾ ਕਰਦੇ ਨੇ ਤਾਂ ਓਸ ਬਚੇ ਦੇ ਮਾਨਸਿਕਤਾ ਵਿਚ ਇਹ ਸਭ ਕੁਛ ਕਦੇ ਵੀ ਉਵੇ ਨਹੀ ਦਰਜ ਹੋ ਸਕਦਾ ਜਿਵੇ ਆਮ ਗੁਰਸਿਖ ਪਰਿਵਾਰ ਵਿਚ ਪਲ ਰਹੇ ਬੱਚੇ ਦੇ ਮਨ ਵਿਚ ਹੈ ਸਕਦਾ ਹੈ ।ਜੇ ਸੁਖਬੀਰ ਸਿੰਘ ਬਾਦਲ ਦਾ ਇਲਾਜ ਨਾ ਹੋਇਆ ਜੇ ਓਹਦੇ ਤੋ ਖਹਿੜਾ ਨਾ ਛੁਪਿਆ ਜੇ ਉਹਨੂੰ ਲਾਂਭੇ ਨਾ ਕੀਤਾ ਤਾਂ ਕੌਮ ਦਾ ਅਗਲਾ ਮਾਲਿਕ ਸੁਖਬੀਰ ਦਾ ਬੇਟਾ ਹੋਵੇਗਾ ।ਕੌਮ ਲਈ ਕੁਰਬਾਨੀਆ ਕਰਨ,ਨ ਵਾਲੇ ਰੁਲਦੇ ਫਿਰਦੇ ਨੇ ਪਰ ਪਹਿਲਾ ਬਾਦਲ ਫੇਰ ਸੁਖਬੀਰ ਤੇ ਫੇਰ ਓਹਦੇ ਪੁਤ ।ਜੇ ਕੋਈ ਕੌਮਪਰਸਤ ਤੇ ਸਿਖੀ ਦੀ ਚੜ੍ਹਦੀ ਕਲਾ ਲੋਚਣ ਵਾਲਾ ਹੋਵੇ ਤੇ ਕੌਮ ਅੰਦਰ ਭਾਵਨਾ ਹੋਵੇ ਕਿ ਇਹਨੇ ਨੇ ਤਾਂ ਖਾਲਸਾ ਪੰਥ ਦੀ ਬੇਹਤਰੀ ਲਈ ਹਰ ਹੰਭਲਾ ਮਾਰਿਆ ਪਰ ਹਾਲਾਤ ਹੀ ਸਾਡੇ ਉਲਟ ਨੇ ।ਇਹ ਸੋਚਕੇ ਬਰਦਾਸ਼ਤ ਕੀਤਾ ਜਾ ਸਕਦਾ ਹੈ ।ਪਰ ਸੁਖਬੀਰ ਦਾ ਤਾਂ ਕੰਮ ਹੀ ਹੋਰ ਹੈ ।ਸੁਖਬੀਰ ਨੂੰ ਪੰਥ ਜਾਂ ਕੌਮ ਨਾਲ ਕੋਈ ਮਤਲਬ ਨਹੀ ।ਓਹ ਸਭ ਤੋ ਅਮੀਰ ਸਿਖ ਬਣਨ ਦੀ ਦੌੜ ਵਿਚ ਸਭ ਕੁਛ ਕਰਨ ਨੂੰ ਤਿਆਰ ਹੈ ।ਓਹਦੀ ਜੁੰਡਲੀ ਵਿਚ ਓਹੋ ਜਿਹੇ ਸਹਿੰਦੇ ਘਰਾਂ ਦੇ ਕਾਕੇ ਨੇ ਜਿਹੜੇ ਆਲੀਸ਼ਾਨ ਮਹਿਲਾਂ,ਮਹਿੰਗੀਆਂ ਕਾਰਾਂ ਤੇ ਲਗਜ਼ਰੀ ਜਿੰਦਗੀ ਜਿਉਣ ਵਾਲੇ ਹਨ ।ਇਹ ਪੰਜਾਹ ਕੁ ਬੰਦੇ ਸੁਖਬੀਰ ਦੀ ਚੌਧਰ ਹੇਠ ਸਿਖ ਕੌਮ ਨੂੰ ਗਧੀਗੇੜ ਪਾਈ ਬੈਠੇ ਨੇ ।ਇਨਾ ਦੀਆਂ ਐਸ਼ਾਂ ਤੇ ਕਾਰੋਬਾਰ ਫਿਟ ਹਨ ।ਇਨਾ ਨੇ ਸਿਖੀ ਅਤੇ ਸਿਖਾ ਤੋ ਕੀ ਲੈਣਾ ?ਇਨਾ ਨੂੰ ਪੰਥ ਤੇ ਪੰਜਾਬ ਨਾਲ ਕੀ ਮਤਲਬ ?ਉਨਾ ਨੂੰ ਤਾਂ ਸੱਤਾ ਦੇ ਫਿਕਰ ਹੈ ਤੇ ਜਿਹੜੇ ਵੀ ਲੋਕ ਦੁਖੀ ਹੋਕੇ ਆਵਾਜ ਬੁਲੰਦ ਕਰਨ ਉਨਾ ਲਈ ਪੁਲਸ ਦੇ ਸੰਗਲ ਖੋਲ੍ਹ ਦਿੰਦੇ ਹਨ ।ਇਹੋ ਜਿਹੇ ਬਾਦਲ ਗਿਰੋਹ ਤੋ ਪੰਥ ਤੇ ਪੰਜਾਬ ਦਾ ਕੀ ਭਲਾ ਹੋ ਸਕਦਾ ਹੈ ?



## ਵਿਚਾਰ ਆਪੋ-ਆਪਣਾ

ਜੇ ਹੁਣ ਵਾਲੀ ਪੀੜੀ ਨੇ ਇਸ ਬਾਦਲ ਵਾਇਰਸ ਤੋ ਖਹਿੜਾ ਨਾ ਛੁਡਵਾਇਆ ਤਾਂ ਸਾਡੀ ਆਉਣ ਵਾਲੀ ਪੀੜੀ ਬੇਹੱਦ ਤਕਲੀਫ ਝੱਲੇਗੀ ।ਇਨਾ ਨੂੰ ਪੰਥ ਤੇ ਪੰਜਾਬ ਲਈ ਲਿਖਣ ਬੋਲਣ ਵਾਲੇ ਸਿਖ ਐਵੇ ਭਕਾਈ ਮਾਰ ਰਹੇ ਲਗਦੇ ਨੇ ਕਿ ਐਵੇ ਵੇਹਲੇ ਮਗਜ ਮਾਰੀ ਜਾਂਦੇ ਹਨ ।ਪਿਛਲੇ ਪੰਜ ਛੇ ਦਿਨ ਵਿਚ ਜੋ ਕੁਛ ਵਾਪਰਿਆ ਸਭ ਦੇ ਸਾਹਮਣੇ ਹੈ ।ਜੇ ਸੁਖਬੀਰ ਅਤੇ ਓਹਦੀ ਜੁੰਡਲੀ ਵਿਚ ਸੰਵੇਦਨਸ਼ੀਲਤਾ ਹੁੰਦੀ ਤਾਂ ਪ੍ਰਤੀਕਿਰਿਆ ਇਹ ਨਾ ਹੁੰਦੀ ਕਿ ਜਥੇਦਾਰ ਘਰ ਨੂੰ ਤੋਰੋ ।ਗੱਲ ਗਿਆਨੀ ਹਰਪ੍ਰੀਤ ਸਿੰਘ ਦੀ ਨਹੀ ਗੱਲ ਕੌਮ ਦੀ ਹੈ ਕਿ ਤਖਤਾਂ ਦੇ ਜਥੇਦਾਰ ਹੋਣ , ਸ਼ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਜਾਂ ਅਕਾਲੀ ਦਲ ਦੇ ਆਗੂ ਸਭ ਸੁਖਬੀਰ ਦੇ ਜੀ ਹਜੂਰ ਕਿਓ ਹਨ ?ਇਹ ਕੌਮ ਪ੍ਰਸਤ ਕਿਓ ਨਹੀ ?ਇਕ ਕੌਮ ਨੂੰ ਜਵਾਬਦੇਹ ਨਹੀ ਉਲਟਾ ਇਹ ਸੁਖਬੀਰ ਦੇ ਹਿਤਾਂ ਦੇ ਰਾਖੇ ਹਨ ।ਇਸ ਨੈਕਸਸ ਨੂੰ,ਇਸ ਸਿੰਡੀਕੇਟ ਨੂੰ ਭਾਰਤੀ ਨਿਜਾਮ ਕਦ ਟੁੱਟਣ ਦੇਵੇਗਾ ਜਦਕਿ ਇਹ ਸਿਸਟਮ ਖਾਲਸੇ ਦੀ ਚੜ੍ਹਤ ਰੋਕਣ ਤੇ ਖਾਲਿਸਤਾਨ ਦੇ ਰਾਹ ਵਿਚ ਪਹਾੜ ਬਣਕੇ ਖੜਾ ਹੈ ।ਸੁਖਬੀਰ ਅਤੇ ਇਹਦੀ ਜੁੰਡਲੀ ਨੂੰ ਲਾਂਭੇ ਕੀਤੇ ਬਗੈਰ ਕੌਮ ਦਾ ਕਖ ਨਹੀ ਬਣਨਾ ।ਜੋ ਮਰਜੀ ਰਾਹ ਵਰਤੋ,ਜੋ ਮਰਜੀ ਢੰਗ ਵਰਤੋ ।ਕੌਮ ਨੂੰ ਸੁਖਬੀਰ ਦੀ ਜਕੜ ਵਿਚੋ ਕੱਢਣਾ ਪੈਣਾ ।ਸੁਖਬੀਰ ਕੌਮ ਉਤੇ ਅਮਰਵੇਲ ਬਣਕੇ ਛਾਇਆ ਹੋਇਆ ਹੈ। ਜੇ ਕੌਮ ਨੂੰ ਜਿਉਂਦਾ ਰਖਣਾ ਸੁਖਬੀਰ ਵਰਤਾਰੇ ਦਾ ਭੋਗ ਪਾਉਣਾ ਪੈਣਾ।

-ਸਰਬਜੀਤ ਸਿੰਘ ਘੁਮਾਣ

ਆਵਾਜ਼ਿ ਕੌਮ AWAZE QAUM International Newspaper & WEB TV

# ਮਾਤਾ ਗੁਜਰ ਕੌਰ ਜੀ ਤੇ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ ਦੇ ਫਲਸਫੇ ਨੂੰ ਸਮਝੀਏ ,ਵੀਚਾਰੀਏ ਕਿ ਇਹ ਸ਼ਹਾਦਤਾਂ ਕੀ ਸਬਕ ਦਿੰਦੀਆਂ ਤੇ ਸਾਡੇ ਤੋਂ ਕੀ ਮੰਗ ਕਰਦੀਆਂ ? :- ਗੁਰਚਰਨ ਸਿੰਘ ਗੁਰਾਇਆ

ਮਨੁੱਖਤਾ ਦੇ ਰਹਿਬਰ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦਾ ਚਲਾਇਆ ਨਿਰਮਲੇ ਸਿੱਖ ਪੰਥ ਜੋ ਇੱਕ ਅਕਾਲ ਪੁਰਖ ਨੂੰ ਚੇਤਿਆਂ ਵਿੱਚ ਰੱਖਦਾ ਹੋਇਆ ਨਿਰਭਾਉ ਨਿਰਵੈਰ ਰਹਿੰਦਾ ਹੋਇਆ ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਦਾ ਡਰ ਮੰਨਣਾ ਜਬਰ ਜੁਲਮ ਦੇ ਖਿਲਾਫ ਅਵਾਜ ਉਠਾਉਣ ਦੇ ਮਨੁੱਖਤਾ ਨੂੰ ਜੋ ਸੁਨਹਿਰੀ ਉਪਦੇਸ਼ ਦਿੱਤੇ ਉਸ ਉਪੱਰ ਆਪ ਚੱਲ ਕਿ ਮਹਾਨ ਕੁਰਬਾਨੀਆਂ ਕੀਤੀਆਂ । ਇਹ ਪੋਹ ਦਾ ਮਹੀਨਾ ਅਜਿਹੀਆਂ ਸ਼ਹਾਦਤਾਂ ਦਾ ਮਹੀਨਾ ਹੈ, ਜਿਹੜੀਆਂ ਲਾਸਾਨੀ ਹਨ,

ਆਵਾਜ਼ਿ ਕੌਮ AWAZE QAUM International Newspaper & WEB TV



ਵਿਲੱਖਣ ਹਨ, ਸ਼ਹਾਦਤਾਂ ਦੀ ਮਹਾਨਤਾ ਨੂੰ ਅਸਮਾਨ ਦੀਆਂ ਬੁਲੰਦੀਆਂ ਤੱਕ ਪਹੁੰਚਾਉਦੀਆਂ ਹਨ। ਬਹਾਦਰੀ, ਦਲੇਰੀ, ਕੁਰਬਾਨੀ, ਅਣਖ, ਦ੍ਰਿੜਤਾ, ਗੁਰੂ ਪ੍ਰਤੀ ਸਮਰਪਿਤ ਭਾਵਨਾ ਦੀ ਅਜਿਹੀ ਮਿਸ਼ਾਲ ਹਨ, ਜਿੰਨਾਂ ਦਾ ਹੋਰ ਕੋਈ ਸਾਨੀ ਨਹੀਂ। ਦਸਮੇਸ਼ ਪਿਤਾ ਦਾ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਛੱਡਣਾ, ਦੁਸ਼ਮਣਾ ਦਾ ਵਾਅਦਿਆਂ ਨੂੰ ਤੋੜਨ, ਸਿਰਸਾ ਨਦੀ ਦਾ ਸ਼ੂਕਦਾ ਪਾਣੀ, ਪੋਹ ਦੀ ਕੜਾਕੇ ਦੀ ਠੰਡ ਪਿੱਛੋ ਟਿੱਡੀ ਦਲ ਵਾਗੂੰ ਚੜਿਆ ਆ ਰਿਹਾ ਦੁਸ਼ਮਣ ਫੌਜਾ ਦਾ ਵਿਸ਼ਾਲ ਘੇਰਾ, ਇਹ ਸਾਰਾ ਕੁੱਝ ਪੋਹ ਮਹੀਨੇ 'ਚ ਵਾਪਰਿਆ, ਜਿਸਨੇ ਦੁਨੀਆਂ ਦੇ ਇਤਿਹਾਸ ਖ਼ਾਸ ਕਰਕੇ ਸ਼ਹਾਦਤਾਂ ਦੇ ਇਤਿਹਾਸ 'ਚ ਆਪਣਾ ਵਿਲੱਖਣ ਸਥਾਨ ਬਣਾ ਲਿਆ।

ਸਾਹਿਬੇ ਕਮਾਲ ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤੇ ਜਿਗਰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ , ਬਾਬਾ ਜੁਝਾਰ ਸਿੰਘ ਜੀ ਤੇ ਗਿਣਤੀ ਦੇ ਸਿੰਘਾਂ ਸਮੇਤ ਚਮਕੌਰ ਸਾਹਿਬ ਵਿੱਚ ਜਾਲਮ ਫੌਜਾਂ ਨਾਲ ਮੈਦਾਨੇ ਜੰਗ ਵਿੱਚ ਜੂਝਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀ ਗਏ ਤੇ ਗੰਗੂ ਬਹਮਣ ਨੇ ਗਦਾਰੀ ਕਰਕੇ ਬਾਬਾ ਜ਼ੋਰਾਵਰ ਸਿੰਘ ਜੀ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਤੇ ਮਾਤਾ ਗੁਜਰ ਕੌਰ ਜੀ ਨੂੰ ਸੂਬੇ ਸਰਹੰਦ ਕੋਲ ਗਿਰਫਤਾਰ ਕਰਾ ਦਿੱਤਾ ਅੱਜ ਸਿੱਖ ਪੰਥ ਇਹਨਾਂ ਸ਼ਹਾਦਤਾਂ ਨੂੰ ਦੁਨੀਆਂ ਦੇ ਇਤਿਹਾਸ ਵਿੱਚ ਲਸਾਨੀ ਤੇ ਅਦੁੱਤੀਆਂ ਸ਼ਹਾਦਤਾਂ ਮੰਨਦਾ ਹੈ ਕਿਉਂਕਿ ਦੁਨੀਆਂ ਦੇ ਇਤਿਹਾਸ ਵਿੱਚ 7 ਸਾਲ ਤੇ 9 ਸਾਲ ਦੇ ਬੱਚਿਆਂ ਨਾਲ ਗੰਗੂ ਬਹਮਣ ਦੀ ਗਦਾਰੀ , ਸਰਹੰਦ ਦੇ ਸੂਬੇਦਾਰ ਵਜ਼ੀਦ ਖਾਨ ਦੀ ਹਕੂਮਤ ਤੇ ਇਸ ਦੇ ਕਰਿੰਦੇ ਸੁੱਚਾ ਨੰਦ ਨੇ ਪਿਆਰ, ਲਾਲਚ ਤੇ ਡਰਾਵਿਆਂ ਨਾਲ ਝੁਕਾਉਣ ਦੀ ਹਰ ਕੋਸ਼ਿਸ਼ ਨੂੰ ਅਸਫਲ ਬਣਾਉਣ ਦਾ ਇਵਜਾਨਾ ਮਸੂਮ ਨਿੱਕੀਆਂ ਜਿੰਦਾਂ ਨੂੰ ਨੀਹਾਂ ਵਿੱਚ ਚਿਣਵਾ ਕੇ ਤੇ ਮਾਤਾ ਗੁਜਰ ਕੌਰ ਜੀ ਨੂੰ ਸ਼ਹਾਦਤ ਨਾਲ ਚੁਕਾਉਣਾ ਪਿਆ ।ਹਕੂਮਤ ਦੀ ਇਸ ਜਾਲਮਾਨਾਂ ਕਾਰਵਾਈ ਨੂੰ ਦੇਖ ਸੁਣਕੇ ਕੋਈ ਵੀ ਐਸੀ ਇਨਸਾਨੀ ਅੱਖ ਨੀ ਹੋਣੀ ਜਿਸ ਨੇ ਨੀਰ ਨਾ ਵਹਾਇਆ ਹੋਵੇ ਤੇ ਹਕੂਮਤ ਨੂੰ ਲਾਹਣਤਾਂ ਤੇ ਇਸ ਜ਼ੁਲਮੀ ਹਕੂਮਤ ਦੀ ਜੜ੍ਹ ਪੁੱਟ ਹੋਣ ਦੀਆਂ ਬਦਦੁਆਵਾਂ ਨਾ ਦਿੱਤੀਆਂ ਹੋਣ ।ਇਹਨਾਂ ਸ਼ਹਾਦਤਾਂ ਨੂੰ ਯਾਦ ਕਰਨ ਲਈ ਹਰ ਸਾਲ ਸ਼ਹੀਦੀ ਸਭਾ ਦੇ ਤੌਰਤੇ ਮਨਾਉਦੀ ਆ ਰਿਹੀ ਸਿੱਖ ਕੌਮ ਹੁਣ ਅਨੇਕਾਂ ਸਾਲਾ ਤੋਂ ਇਹਨਾਂ ਮਹਾਨ ਸ਼ਹੀਦਾਂ ਨੂੰ ਰਸਮੀ ਜਿਹੀ ਸ਼ਰਧਾਂ ਭੇਟ ਕਰਨ ਲਈ ਮਨਾਉਦੀ ਆ ਰਿਹੀ ਹੈ ।ਦੀਵਾਨ ਸਜਦੇ ਹਨ, ਤਕਰੀਰਾਂ ਕੀਤੀਆਂ ਜਾਦੀਆਂ ਹਨ. ਵਾਰਾਂ ਗਾਈਆਂ ਜਾਦੀਆਂ ਹਨ ਨਗਰ ਕੀਰਤਨ ਕੱਢੇ ਜਾਦੇ ਹਨ ਤਿੰਨ ਦਿਨ ਆਪਣੇ ਵੱਲੋਂ ਪੂਰੀ ਸ਼ਰਧਾਂ ਨਾਲ ਸ਼ਹੀਦੀ ਦਿਹਾੜੇ ਇੱਕ ਲੜੀ ਦੀ ਤਰ੍ਹਾਂ ਆਉਦੇ ਹਨ ਤੇ ਲੰਘ ਜਾਦੇ ਹਨ ।ਅਸੀਂ ਕਦੀ ਡੂੰਘੀ ਸੋਚ ਨਾਲ ਇਹ ਨਹੀ ਵਿਚਾਰਿਆ ਕਿ ਇਹ ਸ਼ਹਾਦਤਾਂ ਕਿਉਂ ਹੋਈਆਂ ?

ਇਹ ਮਹਾਨ ਸ਼ਹੀਦੀਆਂ ਸਾਨੂੰ ਕੀ ਸਬਕ ਦਿੰਦੀਆਂ ਹਨ ? ਸਾਥੋਂ ਇਹ ਸ਼ਹੀਦੀਆਂ ਕੀ ਮੰਗ ਕਰਦੀਆਂ ਹਨ ? ਜਿਸ ਸਮੇਂ ਕੌਮ ਨੇ ਇਸ ਤਰ੍ਹਾਂ ਸੋਚਿਆ ਤਾਂ ਇਹਨਾਂ ਸੋਚਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਪ੍ਰਣ ਕੀਤੇ, ਉਸ ਸਮੇਂ ਇਤਿਹਾਸ ਨੇ ਆਪਣੀ ਸਿਰਜਣਾ ਦਾ ਇੱਕ ਅਨੋਖਾ ਕਾਂਡ ਅਰੰਭ ਦਿੱਤਾ ।ਇਹ ਕਾਂਡ ਸੀ ਜੋ ਸੂਰਬੀਰ ਮਹਾਂਬਲੀ ਬੰਦਾ ਸਿੰਘ ਬਹਾਦਰ ਜੀ ਨੇ ਦਸ਼ਮੇਸ਼ ਪਿਤਾ ਜੀ ਦੀ ਥਾਪਣਾ ਨਾਲ ਇਸੇ ਸ਼ਹੀਦੀ ਅਸਥਾਨ ਸਰਹੰਦ ਦੀ ਧਰਤੀ ਤੋਂ ਸ਼ੁਰੂ ਕੀਤਾ । ਇਹ ਇੱਕ ਰਸਮੀ ਸ਼ਰਧਾਜ਼ਲੀ ਨਹੀਂ ਸੀ, ਸਗੋ ਇੱਕ ਅਜਿਹੀ ਵੰਗਾਰ ਭਰੀ ਪ੍ਰਤਿਗਿਆ ਸੀ ਜੋ ਤਕਰੀਬਨ ਇੱਕ ਸੌ ਸਾਲ ਪੰਜਾਬ ਦੀ ਧਰਤੀ ਤੇ ਸੂਰਬੀਰ ਸਿੱਖ ਕੌਮ ਦੇ ਸੁਨਹਿਰੀ ਇਤਿਹਾਸ ਦਾ ਹਿੱਸਾ ਬਣ ਗਈ ।

ਸੂਰਮਗਤੀ ਦਾ ਇਹ ਇੱਕ ਅਜਿਹਾ ਚਮਤਕਾਰ ਸੀ, ਜੋ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੇ ਸਿਰਫ ਪੰਜ ਕੁ ਵਰ੍ਹਿਆਂ ਮਗਰੋਂ ਹੀ ਮੁਗਲ ਸਲਤਨਤ ਦੇ ਸ਼ਾਹੀ ਕਿਲਿਆਂ ਨੂੰ ਖੰਡਰਾਤਾਂ ਤੇ ਥੇਹਾਂ ਵਿੱਚ ਬਦਲਣ ਤੇ ਮਲੀਆਂ ਮੇਟ ਕਰਨ ਵਿੱਚ ਮੂਰਤੀਮਾਨ ਹੋਇਆ ।ਖਾਲਸਾ ਆਪਣੀ ਮੰਜ਼ਿਲ ਤੇ ਨਿਸ਼ਾਨੇ ਵੱਲ ਉਨੀ ਦੇਰ ਹੀ ਸਫਲਤਾ ਨਾਲ ਅੱਗੇ ਵਧਦਾ ਗਿਆ, ਜਿੰਨੀ ਦੇਰ ਉਸ ਨੇ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਤਿਆਗ, ਨਿਸ਼ਕਾਮ ਸੇਵਾ, ਕੁਰਬਾਨੀ ਤੇ ਪਰਉਪਕਾਰ ਨੂੰ ਆਪਣੇ ਜੀਵਨ ਦਾ ਅਸਲੀ ਕਰਤਵ ਮੰਨਿਆ ।ਖਾਲਸੇ ਨੇ ਆਜ਼ਾਦੀ ਦੇ ਸੰਘਰਸ਼ ਲਈ ਕਮਰਕੱਸੇ ਕੀਤੇ ।ਨਗਾਰਿਆ ਤੇ ਚੋਟਾਂ ਲਾ ਦਿੱਤੀਆਂ ।ਤਕਰੀਬਨ ਇੱਕ ਸੌ ਵਰ੍ਹੇ ਦੇ ਲੰਮੇ ਸਿਰੜੀ-ਸਿਦਕੀ ਸੰਗਰਾਮ ਤੇ ਖ਼ੂਨ ਨਾਲ ਲੱਥ ਪੱਥ ਹੋਏ ਇਤਿਹਾਸ ਨੇ ਆਖਰ ਜਮਨਾ ਦੇ ਤੱਟਾਂ ਤੋਂ ਲੈ ਕੇ ਖੈਬਰ ਦੇ ਦਰਿਆ ਤੱਕ ਖਾਲਸੇ ਦਾ ਅਜ਼ਾਦ ਰਾਜ ਹੋਂਦ ਵਿੱਚ ਆਇਆ ਇਹ ਸੀ ਅਸਲੀ ਸ਼ਰਧਾਂਜ਼ਲੀ ਦਾ ਫਲ, ਜੋ ਇਤਿਹਾਸ ਨੇ ਖਾਲਸੇ ਦੀ ਝੋਲੀ ਪਾਇਆ ।

ਫਿਰ ਆਇਆ ਗਿਰਾਵਟ ਦਾ ਉਹ ਦੌਰ ਜਿਸ ਨੇ ਸਾਨੂੰ ਗੁਲਾਮੀ ਦੇ ਸੰਗਲਾਂ ਵਿੱਚ ਜਕੜ ਦਿੱਤਾ ।ਸ਼ੁਰੂ ਵਿੱਚ ਇਹ ਗੁਲਾਮੀ ਅੰਗਰੇਜ਼ੀ ਰਾਜ ਦੀ ਸੀ ਜੋ ਇੱਕ ਸਦੀ ਤੋਂ ਵੱਧ ਚੱਲਿਆ ।ਸੰਤਾਲੀ ਤੋ ਬਾਅਦ ਬ੍ਰਹਮਵਾਦੀ ਸੋਚ ਦੀ ਧਾਰਨੀ ਦਿੱਲੀ ਹਕੂਮਤ ਦੀ ਗੁਲਾਮੀ ਪਿਛਲੇ 77 ਸਾਲਾਂ ਤੋਂ ਖਾਲਸੇ ਨੂੰ ਜਕੜੀ ਬੈਠੀ ਹੈ ਤੇ ਇਸ ਨੇ ਉਹ ਕਿਹੜਾ ਜ਼ੁਲਮ ਹੈ ਜੋ ਸਿੱਖ ਕੌਮ ਤੇ ਨਾ ਕੀਤਾ ਹੋਵੇ। ਦਿੱਲੀ ਤਖਤ ਤੇ ਬਿਰਾਜਮਾਨ ਬ੍ਰਹਮਵਾਦੀ ਹਕੂਮਤ ਨੇ ਸਿੱਖ ਕੌਮ ਨੂੰ ਨੇਸਤੋ ਨੇਬੂਤ ਤੇ ਇਸ ਨੂੰ ਬ੍ਰਹਮਵਾਦ ਵਿੱਚ ਰਲ ਗੱਡ ਕਰਨ ਲਈ ਸਿੱਖ ਕੌਮ ਤੇ ਸਾਮ,ਦਾਮ,ਭੇਦ ਤੇ ਦੰਡ ਦੇ ਹਰ ਤਰੀਕੇ ਦਾ ਇਸਤੇਮਾਲ ਕਰਕੇ ਮੁਗਲਾਂ ਦੇ ਜ਼ੁਲਮਾਂ ਨੂੰ ਮਾਤ ਪਾ ਦਿੱਤੇ ਗੁਰੂ ਤੇ ਗੁਰਇਤਿਹਾਸ ਨਾਲ ਪਿਆਰ ਕਰਨ ਵਾਲੇ ਗੁਰਸਿੱਖਾਂ ਨੇ ਬ੍ਰਹਮਵਾਦੀ ਸੋਚ ਦੀ ਧਾਰਨੀ ਜਾਲਮ ਦਿੱਲੀ ਹਕੂਮਤ ਦੀ ਜੜ੍ਹ ਪੁਟੱਣ ਲਈ ਤੇ ਸਿੱਖ ਰਾਜ ਦੀ ਪ੍ਰਾਪਤੀ ਵਾਸਤੇ ਸੰਘਰਸ਼ ਵਿੱਡਿਆ ਸੰਘਰਸ਼ ਸਿਖਰ ਤੇ ਪਹੁੰਚਿਆ ਮੁੜ ਨਿਮਾਣ ਵੱਲ ਆਗਿਆ ਇਹ ਹਲਾਤ ਸਿੱਖ ਕੌਮ ਦੇ ਇੱਕ ਵੱਡੇ ਹਿੱਸੇ ਵਿੱਚ ਲਾਲਚ, ਨਿੱਜ ਸਵਾਰਥ, ਚੌਧਰ ਦੀ ਭੁੱਖ ਤੇ ਹਾਉਮੈ ਵਰਗੀਆਂ ਕੰਮਜ਼ੋਰੀਆਂ ਦਾ ਸ਼ਿਕਾਰ ਹੋਣ ਕਰਕੇ ਹੀ ਹੋਇਆਂ ।ਅੱਜ ਲੋੜ ਹੈ ਸਾਹਿਬਜ਼ਾਦਿਆਂ ਦੀਆਂ ਮਹਾਨ ਸ਼ਹਾਦਤਾਂ ਤੋਂ ਪ੍ਰੇਣਾ ਲੈਣ ਦੀ, ਤੇ ਪ੍ਰਣ ਕਰਨ ਦੀ ਕਿ ਜਿਵੇਂ ਨਿੱਕੀਆਂ ਜਿੰਦਾਂ ਸਾਨੂੰ ਇਹ ਸਬਕ ਦਿੰਦੀਆਂ ਕਿ ਦੁਨਿਅਵੀ ਪਦਾਰਥਾਂ, ਔਹੁਦਿਆਂ ਦਾ ਲਾਲਚ ਤੇ ਮੌਤ ਦੇ ਡਰਾਵੇ ਧਰਮ ਤੋਂ ਡੁਲ੍ਹਾਂ ਨਾ ਸਕੇ ਉਹਨਾਂ ਨੇ ਆਪਣੇ ਆਪ ਨੂੰ ਨੀਹਾਂ ਵਿੱਚ ਚਿਣਵਾ ਕੇ ਸਿੱਖ ਕੌਮ ਦੀਆਂ ਨੀਹਾਂ ਨੂੰ ਮਜ਼ਬੂਤ ਕੀਤਾ ਸੀ ।ਤੇ ਸਾਡੇ ਤੋਂ ਮੰਗ ਕਰਦੀਆਂ ਕਿ ਅੱਜ ਜੋ ਅਸੀਂ ਇਹਨਾਂ ਕੰਮਜ਼ੋਰੀਆਂ ਦੇ ਸ਼ਿਕਾਰ ਹੋ ਚੁੱਕੇ ਹਾਂ । ਸਾਡੇ ਦਿਲ ਅੰਦਰ ਇਹਨਾਂ ਨਿੱਕੀਆਂ ਜਿੰਦਾਂ ਵੱਡੇ ਸਾਕੇ ਕਰਨ ਵਾਲੇ ਮਹਾਨ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂ ਹੈ ਤਾਂ ਫਿਰ ਪ੍ਰਣ ਕਰੀਏ ਕਿ ਦੁਨਿਆਵੀ ਪਦਾਰਥਾਂ ,ਚੌਧਰ,ਨਿੱਜ ਸਵਾਰਥ ਤੇ ਕੁਰਸੀ ਦੇ ਲਾਲਚ ਲਈ ਅਪਣੀ ਜ਼ਮੀਰ ਦਾ ਸੌਦਾ ਨਹੀ ਕਰਾਗੇ ਤੇ ਸਿੱਖ ਕੌਮ ਨੂੰ ਮਾਨਸਿਕ ਤੇ ਸਰੀਰਕ ਤੌਰਤੇ ਗੁਲਾਮ ਬਣਾਉਣ ਵਾਲੇ ਬ੍ਰਹਮਵਾਦ ਤੋਂ ਅਜ਼ਾਦ ਕਰਵਾਉਣ ਲਈ ਸੰਘਰਸ਼ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ । ਸਿੱਖ ਕੌਮ ਉਪੱਰ ਛਾਏ ਨਿਰਾਸ਼ਾ ਦੇ ਆਲਮਾਂ ਦਾ ਸਦੀਵੀ ਹੱਲ ਵੀ ਸਰਬੱਤ ਦੇ ਭਲੇ ਵਾਲਾ ਅਜ਼ਾਦ ਘਰ ਖਾਲਿਸਤਾਨ ਹੈ ਇਸ ਦੀ ਪ੍ਰਾਪਤੀ ਹੀ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਲਖਤੇ ਜਿਗਰ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰ ਕੌਰ ਜੀ ਨੂੰ ਸੱਚੀ ਸ਼ਰਧਾਜ਼ਲੀ ਹੋਵੇਗੀ ਤੇ ਸ਼ਹੀਦਾਂ ਨੂੰ ਕੋਟਿਨ ਕੋਟਿ ਪ੍ਰਣਾਮ ।

-ਗੁਰਚਰਨ ਸਿੰਘ ਗੁਰਾਇਆ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬਾਦਲਾਂ ਨੇ ਅਹੁਦੇ ਤੋਂ ਹਟਾਉਣ ਲਈ

# ਜਥੇਦਾਰ ਸਾਹਿਬ ਦੀ ਕਿਰਦਾਰਕੁਸ਼ੀ ਕੀਤੀ



**ਜੰਡਿਆਲਾ ਗੁਰੂ, 20 ਦਸੰਬਰ (ਕੁਲਵੰਤ ਸਿੰਘ ਵਿਰਦੀ )**-ਗਿਆਨੀ ਹਰਪ੍ਰੀਤ ਸਿੰਘ ਤੇ ਬਾਦਲਕਿਆਂ ਦੇ ਕਬਜ਼ੇ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਕੱਲ੍ਹ ਕਟਾਣਾ ਸਾਹਿਬ ਗੁਰਦੁਆਰਾ'ਚ ਇੱਕ ਮੀਟਿੰਗ ਕਰਕੇ ਬਿਨਾਂ ਵਿਧੀ ਵਿਧਾਨ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ 15 ਦਿਨ ਲਈ ਬਰਦਾਸ਼ਤ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਜਗ੍ਹਾ ਤੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੀ ਡਿਊਟੀ ਲਾਈ ਹੈ ਅਤੇ ਆਪਣੇ ਹੀ ਤਿੰਨ ਅਕਾਲੀਆਂ ਦੀ ਕਮੇਟੀ ਬਣਾਈ ਬਣਾ ਕੇ 15 ਦਿਨਾਂ 'ਚ ਰੀਪੋਰਟ ਦੇਣ ਲਈ ਕਿਹਾ ਗਿਆ ਹੈ, ਬਾਦਲਕਿਆਂ ਦੀ ਤਖਤਾਂ ਦੇ ਜਥੇਦਾਰਾਂ ਦੀ ਕਿਰਦਾਰਕੁਸ਼ੀ , ਨਿਰਾਦਰੀ ਤੇ ਬੇਇੱਜਤ ਕਰਕੇ ਕੱਢਣ ਵਾਲੀ ਨੀਤੀ ਵਿਰੁੱਧ ਹੁਣ ਸਿੱਖ ਸਿਆਸਤ ਵਿੱਚ ਪੰਚਾਲ ਆ ਗਿਆ ਹੈ ਅਤੇ ਸਮੁੱਚਾ ਸਿੱਖ ਪੰਥ, ਫੈਡਰੇਸ਼ਨਾਂ, ਸਾਬਕਾ ਫੈਡਰੇਸ਼ਨ ਆਗੂ,ਨਿਹੰਗ ਸਿੰਘ ਜਥੇਬੰਦੀਆਂ ਤੇ ਸਿੱਖ ਬੁੱਧੀਜੀਵੀਆਂ ਸਮੇਂਤ ਧਾਰਮਿਕ ਖੇਤਰ ਵਿੱਚ ਸਰਗਰਮ ਸੰਤ ਮਹਾਂਪੁਰਸ਼ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਦੇ ਹੱਕ ਵਿੱਚ ਨਿੱਤਰੇ ਹਨ, ਬੀਤੇ ਦਿਨੀਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ, ਸਾਬਕਾ ਫੈਡਰੇਸ਼ਨ ਨੇਤਾਵਾਂ ਤੋਂ ਉਪਰੰਤ ਹੁਣ ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਨੇ ਖੁੱਲ੍ਹ ਗਿਆਨੀ ਹਰਪ੍ਰੀਤ ਸਿੰਘ ਨਾਲ ਹੋਈ ਧੱਕੇਸਾਹੀ ਵਿਰੁੱਧ ਖੜਨ ਦਾ ਐਲਾਨ ਕਰ ਦਿੱਤਾ ਹੈ ਜੋਂ ਸਮੇਂ ਦੀ ਲੋੜ ਵਧੀਆ ਐਲਾਨ ਤੇ ਸੰਘਰਸ਼ ਕਿਹਾ ਜਾ ਸਕਦਾ ਅਤੇ ਆਉਣ ਵਾਲੇ ਦਿਨਾਂ ਵਿੱਚ ਸਿੱਖ ਸਿਆਸਤ ਵਿੱਚ ਇੱਕ ਵੱਡਾ ਭੂਚਾਲ ਆਉਣ ਵਾਲ਼ਾ ਹੈ ਜੋਂ ਬਾਦਲਕਿਆਂ ਦੀ ਪੰਡ ਨੂੰ ਰੋੜ ਕੇ ਲੈ ਜਾਵੇਗਾ ਕਿਉਂਕਿ ਸਿੱਖ ਸੰਗਤਾਂ ਨੂੰ ਬਾਦਲਕਿਆਂ ਦੀਆਂ ਤਖਤਾਂ ਦੇ ਜਥੇਦਾਰਾਂ ਨੂੰ ਬੇਕਦਰੀ ਤੇ ਬੇਇੱਜਤ ਕਰਕੇ ਕੱਢਣ ਵਾਲੀ ਤਖ਼ਤ ਵਿਰੋਧੀ ਨੀਤੀ ਬਿਲਕੁਲ ਪਸੰਦ ਨਹੀਂ ਅਤੇ ਇਸ ਨੀਤੀ ਦਾ ਕਰਾਰੇ ਹੱਥਾਂ ਨਾਲ ਜੁਵਾਬ ਦਿੱਤਾ ਜਾਵੇਗਾ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਦਸਮੇਸ਼ ਤਰਨਦਲ ਮੁਖੀ, ਸ਼ਹੀਦ ਬਾਬਾ ਜੀਵਨ ਸਿੰਘ ਤਰਨਦਲ ਦੇ ਮੁੱਖੀ ਤੇ ਮਾਮਲਾ ਤਰਨਾ ਦਲ ਸ਼ਹੀਦ ਬਾਬਾ ਸੰਗਤ ਸਿੰਘ ਦੀ ਅਗਵਾਈ ਹੇਠ 38 ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਨਿਤਰਨ ਵਾਲੀ ਨੀਤੀ ਦੀ ਜ਼ੋਰਦਾਰ ਸ਼ਬਦਾਂ'ਚ ਸ਼ਲਾਘਾ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਦੱਸਿਆ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਗੈਰ ਸਿਧਾਂਤਕ ਆਹੁਦੇ ਤੋਂ ਬਾਦਲਕਿਆਂ ਨੇ ਆਪਣੀ ਮੌਕਾ ਪ੍ਰਸਤੀ ਰਾਹੀਂ ਹਟਾਇਆ ਤੇ ਉਹਨਾਂ ਦੀ ਕਿਰਦਾਰਕੁਸ਼ੀ ਕਰਵਾਈ, ਬਾਗੀ ਧੜੇ ਨੇ ਵੀ ਇਸ ਕਾਰਵਾਈ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਨੇ ਬਣਾਈ ਕਮੇਟੀ ਤੇ ਵੀ ਉਂਗਲੀ ਚੁੱਕੀ ਹੈ, ਭਾਈ ਖਾਲਸਾ ਦੱਸਿਆ ਲੋਕ ਕਹੇ ਰਹੇ ਹਨ ਕਿ ਉਨ੍ਹਾਂ ਦੇ ਗਾਲ਼ ਕੱਢਣ ਨੂੰ ਅਧਾਰ ਬਣਾਇਆ ਗਿਆ ਤਾਂ ਫਿਰ ਧਾਮੀ ਨੂੰ ਉਨ੍ਹਾਂ ਦੇ ਆਹੁਦੇ ਤੋਂ ਕਿਉਂ ਨਹੀਂ ਹਟਾਇਆ ਗਿਆ,ਲੋਕ ਇਹ ਵੀ ਕਹਿੰਦੇ ਹਨ ਕਿ 15 ਸਾਲ ਪੁਰਾਣਾ ਮੁਦੇ ਦੀ ਗੱਲ ਕਰੀਏ ਤਾਂ ਸਰਬਉਚ ਅਦਾਲਤ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਈ ਜਾ ਸਕਦੀ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਧੜੇ ਵੱਲੋਂ ਤਖ਼ਤ ਸਾਹਿਬ ਵਰਗੀ ਸਨਮਾਨਯੋਗ ਉੱਚ ਹਸਤੀ ਨੂੰ ਕਿਰਦਾਰਕੁਸ਼ੀ ਰਾਹੀਂ ਨੀਚਾਂ ਵਿਖਾ ਕੇ ਬਰਖਾਸਤ ਕਰਨਾ ਸਿੱਖ ਕੌਮ ਨੂੰ ਬਿਲਕੁਲ ਬਰਦਾਸ਼ਤ ਨਹੀਂ, ਭਾਈ ਖਾਲਸਾ ਨੇ ਦੱਸਿਆ ਜਥੇਦਾਰ ਅਕਾਲ ਤਖ਼ਤ ਸਾਹਿਬ ਵੀ ਅਕਾਲੀ ਦਲ ਦੇ ਇਸ ਫੈਸਲੇ ਤੋਂ ਪੂਰੀ ਤਰ੍ਹਾਂ ਖਫਾ ਹਨ ਕਿ ਜੋਂ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ 27 ਸੈਕਿੰਡ ਦੀ ਵੀਡੀਓ ਰਿਕਾਰਡਿੰਗ ਵਾਇਰਲ ਕੀਤੀ ਗਈ ਉਸ ਦੀ ਕਾਪੀ ਸਿਰਫ਼ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਦੀ ਪੈਨਡਰਾਇਵ ਸੀ, ਉਨ੍ਹਾਂ ਦਾ ਕਹਿਣਾ ਹੈ ਕਿ ਇਹ ਇੱਕ ਗਿਣੀ ਮਿਥੀ ਸਾਜਸ਼ ਤੋਂ ਘੱਟ ਨਹੀਂ ਇਸ ਕਰਕੇ ਆਉਣ ਵਾਲੇ ਦਿਨਾਂ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ ਵੀ ਅਸਤੀਫਾ ਦੇ ਸਕਦੇ ਹਨ ਅਤੇ ਸਿੱਖ ਸਿਆਸਤ ਵਿੱਚ ਵੱਡਾ ਭੂਚਾਲ ਆ ਜਾਵੇਗਾ ਤਾਂ ਬਾਦਲਕਿਆਂ ਦੀਆਂ ਸਿੱਖ ਤੇ ਤਖਤਾਂ ਵਿਰੋਧੀ ਘਟੀਆਂ ਨੀਤੀਆਂ ਨੂੰ ਰੋੜ ਕੇ ਲੈ ਜਾਵੇਗਾ, ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਨੇ ਖੁਲਾ ਐਲਾਨ ਕੀਤਾ ਹੈ ਕਿ ਇਸ ਤਰ੍ਹਾਂ ਤਾਨਾਸ਼ਾਹੀ, ਗੈਰ ਸਿਧਾਂਤਕ ਕਿਰਦਾਰਕੁਸ਼ੀ ਰਾਹੀਂ ਸਤਿਕਾਰ ਯੋਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਆਹੁਦੇ ਤੋਂ ਹਟਾਉਣਾ ਬਰਦਾਸ਼ਤ ਨਹੀਂ ਕੀਤੀ ਜਾਵੇਗਾ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਨੀਤੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ , ਇਹਨਾਂ ਸਾਰੇ ਜਥੇਦਾਰ ਸਾਹਿਬਾਨਾਂ ਨੇ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾ ਦੀ ਸ਼ਹੀਦੀ ਨੂੰ ਕੋਟਿ ਕੋਟਿ ਪ੍ਰਣਾਮ ਕੀਤਾ।

**ਵਿਧੀ ਵਿਧਾਨ ਤੋਂ ਬਗੈਰ ਦਿੱਤੀ ਸਜ਼ਾ ਵਿਰੁੱਧ ਸੰਗਤਾ' ਚ ਭਾਰੀ ਰੋਸ, ਦੇ ਸਕਦੇ ਨੇ ਗਿਆਨੀ ਰਘਬੀਰ ਵੀ ਅਸਤੀਫਾ : ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ**

ਭਾਕਿਯੂ ਰਾਜੇਵਾਲ ਬਲਾਕ ਸੇਰਪੁਰ ਅਤੇ ਧੂਰੀ ਦੀਆਂ

# ਨਵੀਆਂ ਕਮੇਟੀਆਂ ਦਾ ਐਲਾਨ



ਸੇਰਪੁਰ ( ਰਣਜੀਤ ਸਿੰਘ ਪੇਧਨੀ ) ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਤੇ ਸ਼ੇਰਪੁਰ ਦੀ ਮੀਟਿੰਗ ਜਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ ਤੇ ਰਛਪਾਲ ਸਿੰਘ ਦੋਹਲਾ ਸੂਬਾ ਸਕੱਤਰ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਪਿਛਲੀ ਬਲਾਕ ਕਮੇਟੀ ਭੰਗ ਕੀਤੀ ਤੇ ਨਵੀਂ ਬਲਾਕ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਜ਼ਿਲਾ ਜਰਨਲ ਸਕੱਤਰ ਕਸ਼ਮੀਰ ਸਿੰਘ ਘਰਾਚੋਂ, ਜ਼ਿਲਾ ਪ੍ਰੈਸ ਸਕੱਤਰ ਜਸਪਾਲ ਸਿੰਘ ਘਰਾਚੋਂ, ਜ਼ਿਲਾ ਸੀ ਮੀਤ ਪ੍ਰਧਾਨ ਗੁਰਜੀਤ ਸਿੰਘ ਭੜੀ ਮਾਨਸਾ, ਜ਼ਿਲਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਕਾਂਝਲਾ ਕੁਲਤਾਰ ਸਿੰਘ ਘਰਾਚੋ ਵਿਸ਼ੇਸ਼ ਤੌਰ ਤੇ ਹਾਜਰ ਸਨ। ਸਾਬਕਾ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਜੱਖਲਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਧੂਰੀ ਦੀ ਕੀਤੀ ਗਈ ਚੋਣ ਵਿੱਚ ਸਰਪ੍ਰਸਤ ਜਗਰੂਪ ਸਿੰਘ ਦੋਹਲਾ , ਪ੍ਰਧਾਨ ਭੁਪਿੰਦਰ ਸਿੰਘ ਭੁਲਰਹੇੜੀ, ਸੀ. ਪ੍ਰਧਾਨ ਜੀਤ ਸਿੰਘ ਜਹਾਂਗੀਰ ਤੇ ਸੁਖਪਾਲ ਸਿੰਘ ਕਾਂਝਲਾ , ਖਜਾਨਚੀ ਕਿਰਪਾਲ ਸਿੰਘ ਬਟੂਹਾ, ਜਰਨਲ ਸਕੱਤਰ ਗੁਰਜੀਤ ਸਿੰਘ ਭੜੀ ਮਾਨਸਾ, ਪ੍ਰੈਸ ਸਕੱਤਰ ਮਲਕੀਤ ਸਿੰਘ ਜੱਖਲਾ ਤੇ ਜਸਵੀਰ ਸਿੰਘ ਕਾਂਝਲਾ, ਪ੍ਰਚਾਰ ਸਕੱਤਰ ਸੇਰ ਸਿੰਘ ਦੋਹਲਾ ਤੇ ਨਿਰਭੈ ਸਿੰਘ ਦੋਹਲਾ, ਸਕੱਤਰ ਦਿਦਾਰ ਸਿੰਘ ਬਰੜਵਾਲ, ਮਲਕੀਤ ਸਿੰਘ ਕੰਧਾਰਗੜ ਛੰਨਾਂ,ਮਾ: ਨਿਰਭੈ ਸਿੰਘ ਭੱਟੀਆਂ, ਅਵਤਾਰ ਸਿੰਘ ਭੱਟੀਆਂ, ਅਵਤਾਰ ਸਿੰਘ ਛੋਟਾ ਕਾਂਝਲਾ,ਕੋਰ ਸਿੰਘ ਕੱਕੜਵਾਲ, ਹਰਜਿੰਦਰ ਸਿੰਘ ਬਟੂਹਾ, ਲਖਵੀਰ ਸਿੰਘ ਭੂਲਰਹੇੜੀ, ਗੁਰਨਾਮ ਸਿੰਘ ਕੋਲਸੇੜੀ, ਗੁਰਮੁਖ ਸਿੰਘ ਜੱਖਲਾ, ਗੁਰਨਾਮ ਸਿੰਘ ਕਾਂਝਲਾ ਸ਼ੁਮਾਰ ਕੀਤੇ ਗਏ। ਜਦਕਿ ਬਲਾਕ ਸ਼ੇਰਪੁਰ ਦੇ ਆਹੁੱਦੇਦਾਰਆਂ ਵਿੱਚ ਪ੍ਰਧਾਨ ਪ੍ਰੀਤਮ ਸਿੰਘ ਬਾਦਸ਼ਾਹਪੁਰ, ਸੀ. ਮੀਤ ਪ੍ਰਧਾਨ ਸੁਰਜੀਤ ਸਿੰਘ ਘਨੌਰੀ, ਮੀਤ ਪ੍ਰਧਨ ਮਹਿੰਦਰ ਸਿੰਘ ਘਨੌਰੀ, ਜਨਰਲ ਸਕੰਤਰ ਰਾਜ ਸਿੰਘ ਮੂਲੋਵਾਲ, ਪ੍ਰੈੱਸ ਸਕੱਤਰ ਸੁਖਦੇਵ ਸਿੰਘ ਰਣੀਕੇ, ਖਜਾਨਚੀ ਜਗਤੇਜ ਸਿੰਘ ਬਮਾਲ, ਪ੍ਰਚਾਰ ਸਕੱਤਰ ਪਵਿੱਤਰ ਸਿੰਘ ਬਾਦਸ਼ਾਹਪੁਰ, ਸਕੱਤਰ ਕਰਮਜੀਤ ਸਿੰਘ ਅਲਾਲ, ਪਰਗਟ ਸਿੰਘ ਘਨੌਰੀ, ਭੀਮ ਸਿੰਘ ਅਤੇ ਜਗਤਾਰ ਸਿੰਘ ਬਾਦਸ਼ਾਹਪੁਰ ਨੂੰ ਨਾਮਜਦ ਕੀਤਾ ਗਿਆ।

## ਹਾਦਸੇ ਚ ਸ਼ਹੀਦ ਹੋਏ ਪਰਿਵਾਰਾਂ ਲਈ ਸਰਕਾਰ ਨੂੰ ਮੱਦਦ ਦੀ ਕਰਾਗੇ ਅਪੀਲ : ਕਾਂਝਲਾ



ਧੂਰੀ ( ਰਣਜੀਤ ਸਿੰਘ ਪੇਧਨੀ ) ਪਿਛਲੇ ਦਿਨੀਂ ਲੱਡਾ ਵਿਖੇ ਹੋਏ ਕਾਰ ਅਤੇ ਟਰਾਲੇ ਵਿੱਚ ਭਿਆਨਕ ਦਰਦਨਾਕ ਹਾਦਸਾ ਹੋਇਆ ਜਿਸ ਵਿੱਚ ਜਿਸ ਵਿੱਚ ਤਿਨ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ। ਇਕ ਨੌਜਵਾਨ ਕਾਫ਼ੀ ਜਖ਼ਮੀ ਹਾਲਤ ਵਿੱਚ ਹੈ। ਜਿਕਰਯੋਗ ਹੈ ਕਿ ਅਮਨਜੋਤ ਸਿੰਘ ਕਾਂਝਲਾ ਆਪਣੇ ਗੁਆਂਢੀ ਪਿੰਡ ਹਸਨਪੁਰ ਦੇ ਦੋਸਤਾ ਨਾਲ ਸੰਗਰੂਰ ਜਾ ਰਿਹਾ ਸੀ, ਜੋ ਕੁਝ ਦਿਨ ਪਹਿਲਾਂ ਹੀ ਕੈਨੇਡਾ ਤੋ ਵਾਪਿਸ ਆਇਆਂ ਸੀ। ਇਸ ਮੌਕੇ ਪਰਿਵਾਰਾਂ ਦੇ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉੱਘੇ ਸਮਾਜ ਸੇਵੀ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਡਾਇਰੈਕਟਰ ਵੇਰਕਾ ਮਿਲਕ ਪਲਾਂਟ ਸੰਗਰੂਰ ਨੇ ਕਿਹਾ ਕਿ ਬਹੁਤ ਹੀ ਮਾੜਾ ਹੋਇਆ ਜੋ ਇਹਨਾਂ ਨੌਜਵਾਨਾਂ ਦੇ ਨਾਲ ਵਾਪਰਿਆ ਹੈ ਪਰਮਾਤਮਾ ਅਜਿਹਾ ਵਕਤ ਕਿਸੇ ਵੀ ਵਿਅਕਤੀ ਤੇ ਨਾ ਪਾਵੇ ।ਉਹਨਾਂ ਕਿਹਾ ਕਿ ਅਸੀਂ ਸਰਕਾਰ ਵੱਲੋਂ ਇਹਨਾਂ ਪਰਿਵਾਰਾਂ ਦੀ ਮਾਲੀ ਮਦਦ ਕਰਵਾਉਣ ਦੇ ਲਈ ਜਰੂਰ ਯਤਨ ਕਰਾਂਗੇ ਅਤੇ ਪਰਿਵਾਰ ਦੇ ਨਾਲ ਜਿੱਥੇ ਤੱਕ ਦੀ ਮਦਦ ਹੋਈ ਕਰਾਗੇ ਅਤੇ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਾਗੇ।

## ਪਿੰਡ ਜਾਤੀਮਾਜਰਾ ਦੀ ਗ੍ਰਾਂਮ ਪੰਚਾਇਤ ਅਤੇ ਸਰਪੰਚ ਅਮਨਦੀਪ ਸਿੰਘ ਵੱਲੋਂ ਨਸ਼ਿਆਂ ਖਿਲਾਫ ਡੱਟਣ ਦਾ ਐਲਾਨ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪਿੰਡ ਜਾਤੀਮਾਜਰਾ ਦੀ ਨਵੀਂ ਚੁਣੀ ਗਈ ਗ੍ਰਾਮ ਪੰਚਾਇਤ ਅਤੇ ਸਰਪੰਚ ਅਮਨਦੀਪ ਸਿੰਘ ਬੜੈਚ ਦੀ ਅਗਵਾਈ ਹੇਠ ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਸੰਕਲਪ ਲਿਆ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਝੀ ਕਰਦਿਆਂ ਪਿੰਡ ਜਾਤੀਮਾਜਰਾ ਦੇ ਸਰਪੰਚ ਅਮਨਦੀਪ ਸਿੰਘ ਬੜੈਚ ਨੇ ਦੱਸਿਆ ਕਿ ਅੱਜ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਨੇ ਆਪਣੇ ਕਾਰਜਕਾਲ ਦਾ ਪਹਿਲਾ ਮਤਾ ਨਸ਼ਿਆਂ ਦੇ ਖਿਲਾਫ ਪਾਇਆ ਹੈ।ਜਿਸ ਤਹਿਤ ਜੇਕਰ ਪਿੰਡ ਜਾਤੀਮਾਜਰਾ ਵਿੱਚ ਕੋਈ ਵੀ ਵਿਅਕਤੀ ਕਿਸੇ ਵੀ ਤਰ੍ਹਾਂ ਦਾ ਨਸ਼ਾ ਵੇਚਦਾ ਫੜਿਆ ਜਾਂਦਾ ਹੈ ਤਾਂ ਪੰਚਾਇਤ ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰੇਗੀ ਜਿਸ ਤਹਿਤ ਨਸ਼ਾ ਵੇਚਣ ਵਾਲੇ ਵਿਅਕਤੀ ਨੂੰ ਪਹਿਲਾਂ ਪੰਚਾਇਤ ਵਿੱਚ ਬੁਲਾ ਕੇ ਜਲੀਲ ਕੀਤਾ ਜਾਵੇਗਾ ਅਤੇ ਉਸ ਉੱਪਰ 10 ਹਜਾਰ ਰੁਪਏ ਦਾ ਜੁਰਮਾਨਾ ਲਾਇਆ ਜਾਵੇਗਾ ਅਤੇ ਪੁਲਿਸ ਨੂੰ ਫੜਿਆ ਜਾਵੇਗਾ ਜੇਕਰ ਉਹ ਦੁਬਾਰਾ ਫੇਰ ਗਲਤੀ ਕਰਦਾ ਹੈ ਤਾਂ ਉਸ ਖਿਲਾਫ ਕਾਰਵਾਈ ਕਰਦੇ ਹੋਏ ਉਸ ਤੋਂ ਦੁਗਣਾ ਜੁਰਮਾਨਾ 20 ਹਜਾਰ ਰੁਪਏ ਵਸੂਲੇ ਜਾਣਗੇ ।ਸਰਪੰਚ ਅਮਨਦੀਪ ਸਿੰਘ ਬੜੈਚ ਨੇ ਸਮੂਹ ਨਗਰ ਨਿਵਾਸੀਆਂ ਨੂੰ ਨਸ਼ਿਆਂ ਖਿਲਾਫ ਡੱਟ ਕੇ ਲੜਨ ਦੀ ਅਪੀਲ ਕੀਤੀ ਅਤੇ ਕਿਹਾ ਕੀ ਜੋ ਵਿਅਕਤੀ ਨਸ਼ਾ ਵੇਚਦਾ ਫੜਿਆ ਜਾਂਦਾ ਹੈ। ਸਰਪੰਚ, ਪੰਚ, ਨੰਬਰਦਾਰ ਜਾਂ ਫਿਰ ਪਿੰਡ ਦਾ ਕੋਈ ਵੀ ਵਿਅਕਤੀ ਨਸ਼ਾ ਵੇਚਣ ਵਾਲੇ ਵਿਅਕਤੀ ਦੀ ਜਮਾਨਤ ਨਹੀਂ ਦਵੇਗਾ। ਜੇਕਰ ਕੋਈ ਵਿਅਕਤੀ ਇਸ ਦੀ ਉਲੰਘਣਾ ਕਰਦਾ ਹੈ ਤਾਂ ਪੰਚਾਇਤ ਉਸ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਪਿੰਡ ਵਿੱਚੋਂ ਉਸ ਦਾ ਬਾਈਕਾਟ ਕੀਤਾ ਜਾਵੇਗਾ। ਇਸ ਮੌਕੇ ਪੰਚਾਇਤ ਮੈਂਬਰ ਕਰਮਜੀਤ ਸਿੰਘ ,ਮਨਜੀਤ ਸਿੰਘ,ਅਮਨਦੀਪ ਕੌਰ, ਬਸ਼ੀਰ ਮੁਹੰਮਦ, ਸ੍ਰੀਮਤੀ ਬਲਵੀਰ ਪੰਚਾਇਤ ਸੈਕਟਰੀ, ਜਗਦੇਵ ਸਿੰਘ ਹਾਜ਼ਰ ਸਨ।

## ਖੜਗੇ, ਰਾਹੁਲ ਅਤੇ ਪ੍ਰਿਅੰਕਾ ਨਾਲ ਭਾਜਪਾ ਨੇਤਾਵਾਂ ਵੱਲੋਂ ਕੀਤੀ ਧੱਕਾਮੁੱਕੀ ਨਿੰਦਣਯੋਗ - ਸਰਪੰਚ ਹਰਦੀਪ ਸਿੰਘ ਦੌਲਤਪੁਰ

**ਆਪ ਗਰੰਟੀਆਂ ਦੇਣ ਅਤੇ ਕਾਂਗਰਸ ਕੰਮ ਕਰਨ ਵਿੱਚ ਰੱਖਦੀ ਹੈ ਵਿਸ਼ਵਾਸ਼**



ਧੂਰੀ ( ਰਣਜੀਤ ਸਿੰਘ ਪੇਧਨੀ ) ਆਪ ਦੇ ਨੇਤਾਵਾਂ ਵੱਲੋਂ ਤਿੰਨ ਸਾਲ ਪਹਿਲਾਂ ਦਿੱਤੀਆਂ ਗਾਰੰਟੀਆਂ ਹਵਾ ਹਵਾਈ ਹੋ ਗਈਆਂ। ਹੁਣ ਤਾਂ ਪੰਜਾਬ ਦੇ ਲੋਕਾਂ ਦਾ ਗਰੰਟੀ ਸ਼ਬਦ ਤੋਂ ਵਿਸ਼ਵਾਸ ਹੀ ਉੱਠ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਧੂਰੀ ਤੋਂ ਹਲਕਾ ਇੰਚਾਰਜ ਦੇ ਪ੍ਰਮੁੱਖ ਦਾਅਵੇਦਾਰ ਸਰਪੰਚ ਹਰਦੀਪ ਸਿੰਘ ਦੌਲਤਪੁਰ ਨੇ ਕੀਤਾ। ਉਹਨਾਂ ਕਿਹਾ ਕਿ ਡਾ. ਭੀਮ ਰਾਓ ਅੰਬੇਦਕਰ ਦੀ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕੀਤੀ ਤੌਹੀਨ ਤੇ ਕਾਂਗਰਸ ਪਾਰਟੀ ਵੱਲੋਂ ਕੀਤੇ ਪ੍ਰਦਰਸ਼ਨ ਦੌਰਾਨ ਮਲਿਕ ਅਰਜੁਨ ਖੜਗੇ, ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਨਾਲ ਭਾਜਪਾ ਨੇਤਾਵਾਂ ਵੱਲੋਂ ਕੀਤੀ ਧੱਕਾਮੁੱਕੀ ਅਤਿਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਆਪ ਗਰੰਟੀ ਦੇਣ ਵਿੱਚ ਅਤੇ ਕਾਂਗਰਸ ਪਾਰਟੀ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਉਹਨਾਂ ਕਿਹਾ ਕਿ ਗਰੰਟੀ ਵਾਅਦੇ, ਨਾਅਰੇ, ਲਾਰਿਆਂ ਦੇ ਸ਼ਬਦ ਨੂੰ ਪੰਜਾਬ ਦੇ ਲੋਕ ਤਿੰਨ ਸਾਲ ਤੋਂ ਸੁਣ ਰਹੇ ਹਨ। ਜੋ ਸਰਕਾਰ ਤਿੰਨ ਸਾਲ ਦੇ ਸਮੇਂ ਵਿੱਚ ਕੁਝ ਕਰ ਨਹੀਂ ਪਾਈ ਉਸ ਤੇ ਲੋਕ ਹੁਣ ਵਿਸ਼ਵਾਸ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਕਿੱਧਰ ਗਿਆ ਮਹਿਲਾਵਾਂ ਨੂੰ ਦੇਣ ਵਾਲਾ 1000 ਰੁਪਏ ਮਹੀਨੇ ਦਾ ਵਾਅਦਾ ? ਹੁਣ ਪੰਜਾਬ ਦੇ ਲੋਕ ਆਪ ਅਤੇ ਭਾਜਪਾ ਨੂੰ ਬਾਹਰ ਦਾ ਰਸਤਾ ਦਿਖਾਉਣਗੇ।ਉਹਨਾਂ ਕਿਹਾ ਕਿ ਚੋਣਾਂ ਸਿਆਸੀ ਪਾਰਟੀਆਂ ਲਈ ਇਮਤਿਹਾਨ ਹੁੰਦੀਆਂ ਹਨ ਅਤੇ ਇਹਨਾਂ ਇਮਤਿਹਾਨਾਂ ਵਿੱਚੋਂ ਇਸ ਵਾਰ ਆਪ ਅਤੇ ਭਾਜਪਾ ਦੇ ਉਮੀਦਵਾਰ ਨਲਾਇਕ ਸਟੂਡੈਂਟ ਦੀ ਤਰ੍ਹਾਂ ਫੇਲ ਹੋਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬਲਬੇੜਾ ਦੀ ਸੰਗਤ ਗਿਆਨੀ ਹਰਪ੍ਰੀਤ ਸਿੰਘ ਦੀ ਪੂਰਨ ਹਮਾਇਤ ਵਿੱਚ ਸ਼ਰੇਆਮ ਮੈਦਾਨ ਵਿੱਚ ਉੱਤਰੀ

# ਬਾਦਲ ਪਰਿਵਾਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਕਿਰਦਾਰਕੁਸ਼ੀ ਕਰਨੀ ਬੰਦ ਕਰੇ



ਸੰਤ ਬਾਬਾ ਲਖਵਿੰਦਰ ਸਿੰਘ ਜੀ ਬਲਬੇੜਾ ਤੇ ਸੁਖਬੀਰ ਸਿੰਘ ਬਲਬੇੜਾ ਨੇ ਇੱਕ ਸਾਂਝੇ ਲਿਖਤੀ ਪ੍ਰੈੱਸ ਬਿਆਨ ਰਾਹੀਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਬਾਦਲ ਟੋਲੇ ਵਲੋਂ ਤਖ਼ਤ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਇੱਕ ਆਈ ਸ਼ਕਾਇਤ ਦੇ ਅਧਾਰ ਤੇ ਹਿਟਲਰਸ਼ਾਹੀ ਅਨੁਸਾਰ ਹਟਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਅਪੋਜ਼ੀਸ਼ਨ ਮੈਂਬਰਾਂ ਦੇ ਸਖ਼ਤ ਵਿਰੋਧ ਨੂੰ ਵੇਖਦਿਆਂ ਇੱਕ ਪਾਸੜ ਬਾਦਲ ਪੱਖੀ ਤਿੰਨ ਮੈਂਬਰੀ ਜਾਂਚ ਕਮੇਟੀ ਕਾਇਮ ਕਰ ਦਿੱਤੀ ਤੇ ਗਿਆਨੀ ਹਰਪ੍ਰੀਤ ਸਿੰਘ ਦੇ ਅਗਲੀਆਂ ਸਿੰਘ ਸਾਹਿਬਾਨਾਂ ਦੀਆਂ ਮੀਟਿੰਗਾਂ ਵਿੱਚ ਬੈਠਣ ਤੇ ਪਾਬੰਦੀ ਲਗਾ ਦਿੱਤੀ ਗਈ ਹੈ । ਜਿਸ ਨਾਲ਼ ਸਾਰੇ ਸੰਸਾਰ ਭਰਦੇ ਸਿੱਖਾਂ ਵਿੱਚ ਹਾਹਾਕਾਰ ਮੱਚ ਗਈ ਹੈ ।ਉਹਨਾਂ ਆਗੂਆਂ ਨੇ ਮੌਜੂਦਾ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਉਣ ਦਾ ਸਖ਼ਤ ਵਿਰੋਧ ਕਰਦਿਆਂ ਉਹਨਾਂ ਦੀ ਪੂਰਨ ਹਮਾਇਤ ਵਿੱਚ ਉਤਰਦਿਆਂ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਲੀਡਰਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਤੁਹਾਡੇ ਵਲੋਂ ਸ਼ਰੇਆਮ ਜਥੇਦਾਰ ਸਾਹਿਬ ਦੀ ਕੀਤੀ ਜਾ ਰਹੀ ਕਿਰਦਾਰਕੁਸ਼ੀ ਤੁਰੰਤ ਬੰਦ ਕੀਤੀ ਜਾਵੇ । ਉਹਨਾਂ ਕਿਹਾ ਕਿ ਇਹਨਾਂ ਲੀਡਰਾਂ ਵੱਲੋਂ ਜਥੇਦਾਰ ਸਾਹਿਬ ਜੀ ਦੀ ਕੀਤੀ ਜਾ ਰਹੀ ਕਿਰਦਾਰਕੁਸ਼ੀ ਅਫਸੋਸਨਾਕ ਹੀ ਨਹੀਂ ਨਿੰਦਨਯੋਗ ਤੇ ਲਾਹਨਤ ਯੋਗ ਵੀ ਹੈ ।ਜੋ 2 ਦਸੰਬਰ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਜੀ ਅਕਾਲੀ ਦਲ ਬਾਦਲ ਦੀ ਹਿੱਟ ਲਿਸਟ ਤੇ ਹਨ । ਬਾਦਲ ਹਮਾਇਤੀ ਟੋਲਾ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਮਜਬੂਰ ਕਰ ਰਿਹਾ ਹੈ ਕਿ ਉਹ ਜਥੇਦਾਰੀ ਛੱਡਣ ਅਤੇ ਬਾਦਲ ਪਰਿਵਾਰ ਆਪਣੇ ਅਨੁਸਾਰ ਅਕਾਲ ਤਖਤ ਸਾਹਿਬ ਤੇ ਹੋਏ ਫੈਸਲਿਆਂ ਵਿੱਚ ਸੋਧ ਕਰਵਾ ਸਕੇ । ਜਿਸ ਦਿਨ ਤੋਂ ਪੰਜ ਸਿੰਘ ਸਾਹਿਬਾਨਾਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਅਤੇ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਤੋ ਫੈਸਲਾ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਆਗੂਆਂ ਨੂੰ ਉਹਨਾਂ ਦੇ ਕੀਤੇ ਬੱਜਰ ਗੁਨਾਹਾਂ ਦੀਆਂ ਸਜ਼ਾਵਾਂ ਦੇਣ

ਮੌਕੇ ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਖਰੀਆਂ ਖਰੀਆਂ ਸੱਚਾਈਆਂ ਸੁਣਾਈਆਂ ਹਨ ।ਉਸ ਤੋਂ ਅਗਲੇ ਦਿਨ ਹੀ ਇਹਨਾਂ ਟਿਕਟੂ ਲੀਡਰਾਂ ਨੇ ਜਥੇਦਾਰ ਸਾਹਿਬਾਨਾਂ ਦੀ ਕਿਰਦਾਰਕੁਸੀਂ ਕਰਨੀ ਸ਼ੁਰੂ ਕਰ ਦਿੱਤੀ ਸੀ । ਕਦੇ ਇਹਨਾਂ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਜੀ ਦੇ 19 , 20 ਸਾਲ ਪੁਰਾਣੇ ਪਰਿਵਾਰਕ ਮੁੱਦਿਆਂ ਨੂੰ ਉਛਾਲ ਕੇ ਬਦਨਾਮ ਕੀਤਾ ਜਾ ਰਿਹਾ ਹੈ । ਕਦੇ ਕਿਸੇ ਗੈਰ ਔਰਤ ਨਾਲ ਉਹਨਾਂ ਦੀਆਂ ਫੋਟੋਆਂ ਐਡਿਟ ਕਰਕੇ ਅਤੇ ਕਦੀ ਇਹਨਾਂ ਵੱਲੋਂ ਉਹਨਾਂ ਦੀਆਂ ਆਡੀਓ ਕਲਿੱਪਾਂ ਨੂੰ ਐਡਿਟ ਕਰਕੇ ਵੱਖ ਵੱਖ ਚੈਨਲਾਂ ਉੱਤੇ ਚਲਾ ਕੇ ਉਹਨਾਂ ਦੀ ਕਿਰਦਾਰ ਕੁਸ਼ੀ ਕੀਤੀ ਜਾ ਰਹੀ ਹੈ । ਉਹਨਾਂ ਕਿਹਾ ਜਦੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਲਗਾਇਆਂ ਗਿਆ ਸੀ ਉਸ ਦਿਨ ਤੁਹਾਨੂੰ ਜਥੇਦਾਰ ਵਿੱਚ ਕੋਈ ਦੋਸ਼ ਨਜ਼ਰ ਨਾ ਆਇਆ ।ਉਨ੍ਹਾਂ ਕਿਹਾ ਕਿ ਇਹਨਾਂ ਪਾਪੀ ਲੀਡਰਾਂ ਦਾ ਕੋਈ ਭਰੋਸਾ ਹੀ ਨਹੀਂ ਕਿ ਆਪਣੇ ਆਪ ਨੂੰ ਗਿਆਨੀ ਹਰਪ੍ਰੀਤ ਸਿੰਘ ਜੀ ਦੇ ਸਾਂਢੂ ਦੱਸਣ ਵਾਲੇ ਵਿਅਕਤੀ ਜੋ ਵੱਖ ਵੱਖ ਚੈਨਲਾਂ ਤੇ ਗਿਆਨੀ ਜੀ ਤੇ ਇਹਨਾਂ ਦੇ ਕਹਿਣ ਤੇ ਚਿੱਕੜ ਉਛਾਲ ਰਿਹਾ ਹੈ । ਉਸ ਨੂੰ ਮਰਵਾ ਕੇ ਸਾਰਾ ਦੋਸ਼ ਜਥੇਦਾਰ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਉੱਤੇ ਹੀ ਥੋਪ ਦਿੱਤਾ ਜਾਵੇ । ਜਿਹੜੇ ਲੋਕ ਪਿਛਲੇ ਸਮੇਂ ਆਪਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਦੇ ਨਹੀਂ ਹੋ ਸਕੇ । ਉਹ ਆਪਣੇ ਆਪ ਨੂੰ ਬਚਾਉਣ ਖਾਤਰ ਕਿਸੇ ਵੀ ਹੱਦ ਤੱਕ ਵੀ ਗਿਰ ਸਕਦੇ ਹਨ। ਉਨ੍ਹਾਂ ਕਿਹਾ ਬਾਦਲ ਪਰਿਵਾਰ ਫਿਰ ਇਹ ਘਟੀਆ ਚਾਲਾਂ ਚੱਲ ਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂ ਸੱਤਾ ਨੂੰ ਆਪ ਹੀ ਚੈਲੇਂਜ ਕਰ ਰਿਹਾ ਹੈ ।ਪਰ ਇਹਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਿੱਖ ਸੰਗਤ ਕਦੇ ਵੀ ਬਾਦਲ ਦਲ ਦੀ ਲੀਡਰਸ਼ਿਪ ਤੇ ਭਰੋਸਾ ਨਹੀਂ ਕਰੇਗੀ ਕਿਉਂਕਿ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਪੰਜ ਸਿੰਘ ਸਾਹਿਬਾਨ ਦੇ ਫੈਸਲੇ ਅਨੁਸਾਰ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ । ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾਂ ਨੂੰ ਕਿਸੇ ਦੇ ਵੀ ਦਬਾਅ ਹੇਠ ਆਉਣ ਦੀ ਕੋਈ ਲੋੜ ਨਹੀਂ ਸਾਰੀ ਸਿੱਖ ਸੰਗਤ ਅਤੇ ਸਿੱਖ ਪੰਥ ਉਹਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ । ਉਹ ਆਪਣੇ ਅਸਤੀਫ਼ਾ ਨਾ ਦੇਣ ਤੇ ਫੈਸਲੇ ਅਟੱਲ ਰਹਿਣ । ਉਹਨਾਂ ਨੂੰ ਕਿਸੇ ਵੀ ਲੀਡਰ ਤੋਂ ਡਰਨ ਤੇ ਘਬਰਾਉਣ ਦੀ ਕੋਈ ਲੋੜ ਨਹੀ । ਇਸ ਮੌਕੇ ਬਾਬਾ ਭੁਪਿੰਦਰ ਸਿੰਘ, ਬਾਬਾ ਮਨੀ ਸਿੰਘ, ਬਾਬਾ ਹਰਪਾਲ ਸਿੰਘ, ਬਲਵਿੰਦਰ ਸਿੰਘ, ਸੰਨੀ ਸਿੰਘ, ਜੋਬਨ ਸਿੰਘ, ਪ੍ਰੇਮ ਸਿੰਘ ਨਿਰਮਲ ਸਿੰਘ ਮੌਜੂਦ ਸਨ ।

-ਪਰਗਟ ਸਿੰਘ ਬਲਬੇੜਾ, 9022000070

ਬਾਬਾ ਵਧਾਵਾ ਸਿੰਘ ਜੀ ਵਿੱਦਿਆ ਕੇਂਦਰ ਨਾਨਕਸਰ ਛਾਂਗਾ ਵਿੱਚ ਮਾਤਾ ਗੁੱਜਰ ਕੌਰ ਜੀ ਚਾਰ ਸਾਹਿਬਜ਼ਾਦੇ ਅਤੇ

# ਸਮੂਹ ਸ਼ਹੀਦ ਸਿੰਘਾਂ ਨੂੰ ਸਮਰਪਿਤ ਸਲਾਨਾ ਗੁਰਮਤਿ ਸਮਾਗਮ ਕਰਵਾਇਆ



**ਫਿਰੋਜ਼ਪੁਰ 20 ਦਸੰਬਰ (ਮਨੋਹਰ ਲਾਲ):** ਬਾਬਾ ਵਧਾਵਾ ਸਿੰਘ ਜੀ ਵਿੱਦਿਆ ਕੇਂਦਰ ਨਾਨਕਸਰ ਛਾਂਗਾ ਵਿੱਚ ਮਾਤਾ ਗੁੱਜਰ ਕੌਰ ਜੀ ਚਾਰ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦ ਸਿੰਘਾਂ ਨੂੰ ਸਮਰਪਿਤ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਬਾਬਾ ਵਧਾਵਾ ਸਿੰਘ ਜੀ ਵਿੱਦਿਆ ਕੇਂਦਰ ਨਾਨਕਸਰ ਛਾਂਗਾ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਕੀਰਤਨ ਕਵੀਸ਼ਰੀਆਂ ਕਵਿਤਾਵਾਂ ਰਾਹੀਂ ਸਕੂਲ ਵਿੱਚ ਪਹੁੰਚੇ ਹੋਏ ਮਾਤਾ ਪਿਤਾ ਹੋਰ ਵੀ ਮੁੱਖ ਮਹਿਮਾਨਾਂ ਨੂੰ ਨਿਹਾਲ ਕੀਤਾ॥ ਇਸ ਮੌਕੇ ਸ਼੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨਾਨਕਸਰ ਛਾਂਗੇ ਵਾਲੇ ਵਿਸ਼ੇਸ਼ ਤੌਰ ਤੇ ਪੁੱਜੇ।ਬਾਬਾ ਜੀ ਨੇ ਸਕੂਲ ਚੜਦੀਕਲਾ ਦੀ ਅਰਦਾਸ ਕੀਤੀ ਅਤੇ ਨਿੱਕੇ ਨਿੱਕੇ ਬੱਚਿਆਂ ਵੱਲੋ ਕੀਤੇ ਗਏ ਪ੍ਰੋਗਰਾਮ ਦੀ ਉਸਤਤਿ ਕੀਤੀ। ਮਹਾਂਪੁਰਖਾਂ ਨੇ ਕਿਹਾ ਕਿ ਨਿੱਕੇ ਨਿੱਕੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦਾ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇੱਕ ਸਕੂਲ ਈ ਬੱਚਿਆਂ ਦੀ ਸਿੱਖਿਆ ਦਾ ਕੇਂਦਰ ਹੈ। ਜੋ ਬੱਚਿਆਂ ਨੇ ਇਥੋਂ ਸਿੱਖਿਆ ਸਾਰੀ ਉਮਰ ਉਹ ਉਨ੍ਹਾਂ ਪੂਰਨਿਆਂ ਤੇ ਚੱਲਦੇ ਹਨ। ਬਾਬਾ ਜੀ ਨੇ ਦੱਸਿਆ ਇਹ ਬਾਬਾ ਵਧਾਵਾ ਸਿੰਘ ਜੀ ਵਿੱਦਿਆ ਕੇਂਦਰ ਇੱਕ ਇਹੋ ਜਿਹੀ ਸੰਸਥਾ ਜਿਹੜੀ ਸਿਰਫ 6700 ਰੁਪਏ ਵਿਚ ਸੀ ਵੀ ਐਸ ਈ ਪੜਾਈ ਦੇ ਨਾਲ ਨਾਲ ਗੁਰਮਤਿ ਸਿੱਖਿਆ ਗੁਰਬਾਣੀ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਬੱਚੇ ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਧਾਰਮਿਕ ਸਿੱਖਿਆ ਪ੍ਰਾਪਤ ਕਰਕੇ ਸਿੱਖੀ ਨਾਲ ਜੁੜ ਰਹੇ ਹਨ ।ਇਸ ਮੌਕੇ ਪ੍ਰਿੰਸੀਪਲ ਰਿੰਪਲ ਧਵਨ ਐਜੂਕੇਸ਼ਨ ਕਾਲਜ ਮੁੱਦਕੀ, ਪ੍ਰਿੰਸੀਪਲ ਓਮ ਪ੍ਰਕਾਸ਼ ਜੀ ਸ਼ਹੀਦ ਭਗਤ ਸਿੰਘ ਇੰਸਟੀਟਿਊਟ, ਪਰਮਜੀਤ ਕੌਰ ਮੁੱਦਕੀ ਕਾਲਜ, ਪ੍ਰਿੰਸੀਪਲ ਸ਼ਿਵਾਨੀ ਸਰਕਾਰੀ ਹਾਈ ਸਕੂਲ ਚੱਕ ਘੁਬਾਈ, ਐੱਚ ਟੀ ਗੁਰਮੀਤ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਛਾਂਗਾ ਫਾਇਰ ਵਿਭਾਗ ਦੇ ਅਫ਼ਸਰ ਫ਼ਤਹਿ ਸਿੰਘ ਹਾਜ਼ਰੀ ਭਰੀ। ਮਹਾਂਪੁਰਖਾਂ ਨੇ ਸਮਾਗਮ ਦੀ ਸਮਾਪਤੀ ਤੋਂ ਬਾਅਦ ਸਾਰੇ ਅਧਿਆਪਕਾਂ ਨਵਨੀਤ ਕੌਰ, ਗਗਨਬੀਰ ਕੌਰ, ਅਮਰਜੀਤ ਕੌਰ ਪ੍ਰਿੰਕਾ, ਪਰਮਜੀਤ ਕੌਰ, ਸੀਮਾ, ਰਾਜਵਿੰਦਰ ਕੌਰ, ਜਸਪ੍ਰੀਤ ਕੌਰ, ਸਪਨਾ, ਸ਼ੀਤਲ, ਅਰਚਨਾ, ਬਲਵਿੰਦਰ ਕੌਰ, ਕੋਮਲਪ੍ਰੀਤ ਕੌਰ, ਮਮਤਾ, ਰਾਜਦੀਪ ਕੌਰ, ਮਿੰਨੀ, ਜਸਬੀਰ ਸਿੰਘ, ਕੋਮਲਪ੍ਰੀਤ ਕੌਰ ਨੂੰ ਸਨਮਾਨਿਤ ਕੀਤਾ।

# ਖਾਲਸਾ ਮੈਮੋਰੀਅਲ ਹਸਪਤਾਲ ਮਹਿਤਾ ਵਿਖੇ ਅੱਖਾਂ ਦਾ ਕੈਂਪ ਲਗਾਇਆ ਗਿਆ



**ਚੌਕ ਮਹਿਤਾ, 20 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾਭਿੰਡਰਾਂ ਵਾਲਿਆਂ ਦੀ ਅਗਵਾਈ ਹੇਠ ਸੱਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਦੀ ਸਲਾਨਾ ਬਰਸੀ ਨੂੰ ਸਮਰਪਿਤ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਮੈਮੋਰੀਅਲ ਹਸਪਤਾਲ ਮਹਿਤਾ ਵਿਖੇ ਦਮਦਮੀ ਟਕਸਾਲ ਚੌਂਕ ਮਹਿਤਾ ਅਤੇ ਭਾਈ ਰੇਸ਼ਮ ਸਿੰਘ ਅਤੇ ਇੰਗਲੈਂਡ ਦੀਆਂ ਸੰਗਤਾਂ ਦੇ ਸਹਿਯੋਗ ਨਾਲ 17 ਦਸੰਬਰ 2024 ਨੂੰ ਅੱਖਾਂ ਦਾ ਕੈਂਪ ਲਗਾਇਆ ਗਿਆ ਸੀ। ਜਿਸ ਵਿੱਚ ਸਪੈਸ਼ਲ ਅੱਖਾਂ ਦੇ ਡਾਕਟਰਾਂ ਦੀਆਂ ਟੀਮਾਂ ਨੇ ਅੱਖਾਂ ਦਾ ਚੈੱਕਅਪ ਕੀਤਾ। ਇਸ ਕੈਂਪ ਵਿਚ 450 ਮਰੀਜਾ ਦੀ ਓਪੀਡੀ ਹੋਈ ਅਤੇ 200 ਮਰੀਜ਼ਾਂ ਦੇ ਅੱਖਾਂ ਦਾ ਆਪਰੇਸ਼ਨ ਹੋਇਆ ਨਾਲ ਹੀ ਸਭ ਮਰੀਜ਼ਾਂ ਨੂੰ ਅੱਖਾਂ ਲਈ ਦਾਰੂ,ਐਨਕਾ ਤੇ ਦਵਾਈਆਂ ਮੁਫਤ ਦਿੱਤੀਆ ਗਈਆ ਅੱਖਾਂ ਦੇ ਡਾ. ਸੰਤੋਖ ਸਿੰਘ ਅਤੇ ਡਾ. ਸ਼ੌਕੀਨ ਸਿੰਘ ਦੀ ਟੀਮ ਡਾ. ਗੁਰਪ੍ਰਤਾਪ ਸਿੰਘ ,ਡਾ.ਚਰਨਜੀਤ ਸਿੰਘ ,ਡਾ. ਨੰਦਨੀ ,ਡਾ. ਸੁਮਨਦੀਪ ਕੌਰ, ਡਾ.ਅਰਪਿੰਦਰਜੀਤ ਸਿੰਘ ਆਦਿ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ । ਇਸ ਮੌਕੇ ਤੇ ਬਾਬਾ ਅਜੀਤ ਸਿੰਘ ਜੀ ਮੁੱਖੀ ਤਰਨਾ ਦਲ ਮਹਿਤਾ,ਬਾਬਾ ਨਿਰਮਲ ਸਿੰਘ ਜੀ,ਬਾਬਾ ਬੋਹੜ ਸਿੰਘ ਜੀ, ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ ,ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ , ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਹਰਜੀਤ ਕੌਰ ,ਪਰਵੀਨ ਕੌਰ,ਜੱਸਾ ਸਿੰਘ ,ਹਜੂਰ ਸਿੰਘ ਗੁਰਮੁਖ ਸਿੰਘ ,ਮਨਦੀਪ ਸਿੰਘ ਆਦਿ ਹਾਜ਼ਰ ਸਨ।

# ਸਮੂਹ ਸ਼ਹੀਦਾਂ ਸਿੰਘਾਂ ਨੂੰ ਸਮਰਪਿਤ ਗੁਰਮਤਿ ਸਮਾਗਮ ਤੇ ਅੰਮ੍ਰਿਤ ਸੰਚਾਰ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਪਿੰਡ ਨਰਾਇਣਗੜ੍ਹ ਵਿਖੇ 22 ਦਸੰਬਰ ਨੂੰ ਬਾਬਾ ਬਿਬੇਕ ਸਿੰਘ

## ਗੁਰਦੁਆਰਾ ਨਾਨਕਸਰ ਸਾਹਿਬ ਜੰਡਿਆਲਾ ਗੁਰੂ ਵਿਖੇ 16 ਤੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ 28 ਦਸੰਬਰ ਨੂੰ ਸਮਾਪਤੀ ਤੇ ਗੁਰਮਤਿ ਸਮਾਗਮ



**ਜੰਡਿਆਲਾ ਗੁਰੂ, 20 ਦਸੰਬਰ ( ਕੁਲਵੰਤ ਸਿੰਘ ਵਿਰਦੀ)**-ਅੱਜ ਗੱਲਬਾਤ ਕਰਦਿਆਂ ਹੋਇਆਂ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਨੇ ਦੱਸਿਆ ਕਿ ਸਫਰ ਏ ਸ਼ਹਾਦਤ ਅਤੇ ਸਮੂਹ ਸਿੰਘਾਂ ਸ਼ਹੀਦਾਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਪੂਰੇ ਭਾਰਤ ਵਰਸ਼ ਦੀਆਂ ਸਮੂਹ ਸੰਗਤਾਂ ਵੱਲੋਂ ਅਤੇ ਵਿਦੇਸ਼ ਵਿੱਚ ਵੱਸਦੀਆਂ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਦੇ ਚੱਲਦਿਆਂ ਬੀਤੇ ਦਿਨ 16 ਦਸੰਬਰ ਤੋਂ ਲੈਕੇ 28 ਦਸੰਬਰ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਆਰੰਭ ਕੀਤੇ ਗਏ ਹਨ ਅਤੇ ਜਿਨ੍ਹਾਂ ਦਾ ਭੋਗ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ 28 ਦਸੰਬਰ ਨੂੰ ਕੀਤੀ ਜਾਵੇਗੀ ਅਤੇ ਧਾਰਮਿਕ ਦੀਵਾਨ ਸਜਾਏ ਜਾਣਗੇ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਇਸੇ ਲੜ੍ਹੀ ਦੇ ਤਹਿਤ ਸ਼ਹੀਦਾ ਸਿੰਘਾ ਨੂੰ ਸਮਰਪਿਤ ਗੁਰ ਫਤਿਹ ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਜਥੇਦਾਰ ਗੁਰਿੰਦਰ ਸਿੰਘ ਜੀ ਮੁੱਖੀ ਅਤੇ ਭਾਈ ਹਰਮੀਤ ਸਿੰਘ ਜੀ ਖਾਲਸਾ ਜੀ ਵੱਲੋਂ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਪਿੰਡ ਨਰਾਇਣਗੜ੍ਹ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 159ਵੇਂ ਗੇੜ ਦੇ ਸਮਾਗਮ ਮਿਤੀ 22 ਦਸੰਬਰ 2024 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਅੰਮ੍ਰਿਤ ਅਭਿਲਾਖੀ ਸੰਗਤਾਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਸਮੂਹ ਸੰਗਤਾਂ ਨੂੰ ਬੇਨਤੀ ਕਰਦਿਆਂ ਹੋਇਆਂ ਕਿਹਾ ਕਿ ਜਿਨ੍ਹਾਂ ਸੰਗਤਾਂ ਨੇ ਅੰਮ੍ਰਿਤ ਛਕਣਾ ਹੋਵੇ ਉਹ ਸੰਗਤਾਂ ਕੇਸੀ ਇਸ਼ਨਾਨ ਕਰਕੇ ਗੁਰਦੁਆਰਾ ਬਾਬਾ ਜੀਵਨ ਸਿੰਘ ਪਿੰਡ ਨਰਾਇਣਗੜ੍ਹ ਵਿਖੇ ਸਮੇਂ ਸਿਰ ਪਹੁੰਚ ਕੇ ਗੁਰੂ ਵਾਲੇ ਬਣ ਕਿ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ 9 ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ 9 ਅੰਮ੍ਰਿਤ ਛਕਣ ਵਾਲੀਆਂ ਸੰਗਤਾਂ ਗ੍ਰੰਥੀ ਸੰਤੋਖ ਸਿੰਘ ਜੀ ਤਰਸਿੱਕਾ ਬਾਬਾ ਬਿਕੇਕ ਸਿੰਘ ਜੀ

$: 97810-13856,ਬਾਬਾ ਅਜੈਬ ਸਿੰਘ ਜੀ ,ਬਾਬਾ ਕੁਲਵਿੰਦਰ ਸਿੰਘ ਜੀ ,ਸ. ਹਰਿੰਦਰ ਸਿੰਘ ਫੌਜੀ ,ਭਾਈ ਸਿਕੰਦਰ ਸਿੰਘ ਜੀ,ਭਾਈ ਬਿਕਰਮਜੀਤ ਸਿੰਘ ਜੀ ਆਦਿ ਇਨ੍ਹਾਂ ਨੰਬਰਾਂ 84272-61165, 70093-79391, 78144-83271, 89681-18820 ਤੇ ਸੰਪਰਕ ਕਰ ਸਕਦੀਆਂ ਹਨ 9

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਕੈਨੇਡੀਅਨ ਸਿੱਖਾਂ ਨੇ ਹਿੰਦੁਸਤਾਨੀ ਐਂਬੈਸੀ ਵੈਂਕੂਵਰ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ

# ਐਂਬੈਸੀ ਨੂੰ ਬੰਦ ਕਰਨ ਦੀ ਮੰਗ ਜ਼ੋਰਾਂ ਤੇ ਚੁੱਕੀ



**ਨਵੀਂ ਦਿੱਲੀ 20 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਬੀਤੇ ਸਾਲ ਦੀ 18 ਜੂਨ ਨੂੰ ਦਿਨ ਦਿਹਾੜੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ਼ਹੀਦ ਭਾਈ ਹਰਦੀਪ ਸਿੰਘ ਜੀ ਨਿੱਝਰ ਨੂੰ ਗੁਰੂ ਘਰ ਦੀ ਪਾਰਕਿੰਗ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ । ਉਸ ਸੰਬੰਧ ਵਿੱਚ ਕੈਨੇਡੀਅਨ ਸਿੱਖਾਂ ਵਲੋਂ ਹਰ ਮਹੀਨੇ ਦੀ 18 ਤਰੀਕ ਨੂੰ ਭਾਰਤੀ ਐਂਬੈਸੀ ਵੈਨਕੂਵਰ ਵਿਖੇ ਭਾਰੀ ਰੋਸ ਪ੍ਰਦਰਸ਼ਨ ਕਿਤੇ ਜਾਂਦੇ ਹਨ । ਬੀਤੀ 18 ਦਸੰਬਰ ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਦੀ ਪ੍ਰਬੰਧਕ ਟੀਮ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਵੈਨਕੂਵਰ ਭਾਰਤੀ ਐਂਬੈਸੀ ਵਿਖੇ ਭਾਰੀ ਰੋਸ ਮੁਜ਼ਾਰਾ ਕੀਤਾ ਗਿਆ । ਜਿਸ ਦੌਰਾਨ ਹਿੰਦੁਸਤਾਨ ਦੇ ਨਾਲ-ਨਾਲ ਰੂਸ ਦੇ ਵਿਰੁੱਧ ਵੀ ਰੋਸ ਪ੍ਰਗਟ ਕੀਤਾ ਗਿਆ । ਪੰਥਕ ਸੇਵਕ ਭਾਈ ਨਰਿੰਦਰ ਸਿੰਘ ਵਲੋਂ ਭੇਜੀ ਰਿਪੋਰਟ ਮੁਤਾਬਿਕ ਭਾਰਤ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦਾ ਕੈਨੇਡਾ ਅੰਦਰ ਵਧਣ ਕਾਰਨ ਸਿੱਖਾਂ ਵਿੱਚ ਭਾਰੀ ਰੋਸ ਅਤੇ ਗੁੱਸਾ ਹੈ ਅਤੇ ਰੂਸ ਇਸ ਵਿੱਚ ਭਾਰਤ ਦਾ ਸਾਥ ਦੇ ਰਿਹਾ ਹੈ । ਉਥੇ ਪਹੁੰਚੇ ਕੌਮੀ ਆਗੂਆਂ ਮੁਤਾਬਿਕ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦਾ ਟੈਲੀਗ੍ਰਾਮ ਅਕਾਊਂਟ ਵੀ ਰੂਸ ਨੇ ਹੈਕ ਕਰ ਲਿਆ ਸੀ । ਇਸ ਦੇ ਨਾਲ-ਨਾਲ ਸਿੱਖ ਆਗੂਆਂ ਅਤੇ ਸਮਰਥਕਾਂ ਵਲੋਂ ਭਾਰਤੀ ਐਂਬੈਸੀ ਜੋ ਕਿ ਭਾਈ ਨਿੱਜਰ ਦੀ ਸ਼ਹਾਦਤ ਲਈ ਜ਼ਿੰਮੇਦਾਰ ਹਨ ਅਤੇ ਸਿੱਖਾਂ ਖਿਲਾਫ ਗੈਰ-ਕਾਨੂੰਨੀ ਗਤੀਵਿਧੀਆਂ ਵਰਤ ਰਹੇ ਹਨ ਉਹਨਾਂ ਨੂੰ ਬੰਦ ਕਰਵਾਉਣ ਦੀ ਮੰਗ ਵੀ ਜੋਰਾਂ ਤੇ ਚੁੱਕੀ ਗਈ ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਰਤੀ ਐਂਬੈਸੀ ਮੂਹਰੇ ਪ੍ਰਦਰਸ਼ਨ ਦੌਰਾਨ ਖਾਲਸਾਈ ਨਾਅਰਿਆਂ ਦੀਆਂ ਗੂੰਜਾਂ ਪਾਈਆਂ ਗਈਆਂ ਅਤੇ ਸੰਗਤ ਨੇ ਵੀ ਵੱਧ-ਚੜ ਕੇ ਹਾਜ਼ਰੀ ਭਰੀ ਸੀ । ਕੀਤੇ ਗਏ ਰੋਸ ਪ੍ਰਦਰਸ਼ਨ ਵਿਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖ਼ਾਲਸਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮਲਕੀਤ ਸਿੰਘ ਫੌਜੀ, ਐਸਐਫਜੇ ਤੋਂ ਭਾਈ ਰਣਜੀਤ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ ਐਬਸਫੋਰਡ ਤੋਂ ਭਾਈ ਰਣਜੀਤ ਸਿੰਘ ਖ਼ਾਲਸਾ ਦੇ ਨਾਲ ਵਡੀ ਗਿਣਤੀ ਅੰਦਰ ਸੰਗਤਾਂ ਮੌਜੂਦ ਸਨ।

### ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ

# ਗੁਰਦੁਆਰਾ ਸਾਰਾਗੜੀ ਸਾਹਿਬ 'ਚ ਕੀਤੀ ਮੀਟਿੰਗ



**ਫਿਰੋਜ਼ਪੁਰ, 20 ਦਸੰਬਰ (ਮਨੋਹਰ ਲਾਲ)**-ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਗੁਰਦੁਆਰਾ ਸਾਰਾਗੜੀ ਸਾਹਿਬ ਫਿਰੋਜ਼ਪੁਰ ਵਿਖੇ ਅਹਿਮ ਮੀਟਿੰਗ ਕੀਤੀ ਗਈ। ਜਿਸ ਵਿੱਚ ਬੁਲਾਰਿਆਂ ਨੇ ਬੋਲਦਿਆਂ ਹੋਇਆ ਕਿਹਾ ਕਿ ਇਹ ਕੌਮੀ ਖੇਤੀ ਮੰਡੀ ਨੀਤੀ ਉਨ੍ਹਾਂ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਚੋਰ ਮੋਰੀ ਰਾਹੀਂ ਲਾਗੂ ਕਰਨ ਦੀ ਸਾਜ਼ਿਸ਼ ਹੈ। ਜਿਹੜੇ ਅਸੀਂ ਦਿੱਲੀ ਦੇ ਇਤਿਹਾਸਿਕ ਕਿਸਾਨ ਕੋਲ ਰਾਹੀਂ ਰੱਦ ਕਰਵਾਏ ਸਨ, ਇਸ ਲਈ ਪੰਜਾਬ ਸਰਕਾਰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਇਸ ਨੀਤੀ ਨੂੰ ਮੁੱਢੋਂ ਰੱਦ ਕਰੇ। ਕਿਸਾਨਾਂ ਨੇ ਕਿਹਾ ਹੈ ਕਿ ਜੇਕਰ ਸਰਕਾਰ ਕਹਿੰਦੀ ਹੈ ਕਿ ਏਪੀਐੱਮਸੀ ਘੱਟ ਹਨ ਤਾਂ ਸਰਕਾਰ ਨੂੰ ਚਾਹੀਦਾ ਕਿ ਏਪੀਐੱਮਸੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ, ਸਰਕਾਰੀ ਖੇਤਰ ਵਿੱਚ ਹੋਰ ਮੰਡੀਆਂ ਖੋਲ੍ਹੀਆਂ ਜਾਣ ਤੇ ਇਨ੍ਹਾਂ ਮੰਡੀਆਂ ਵਿੱਚ ਸਹੂਲਤਾਂ ਦਾ ਵਾਧਾ ਕੀਤਾ ਜਾਵੇ, ਸਾਈਲੋਜ ਸਰਕਾਰੀ ਖੇਤਰ ਵਿੱਚ ਲਾਉਣ ਅਤੇ ਸਾਈ ਲੋਜ ਸਟੋਰ ਕੀਤੇ ਜਾਣ ਵਾਲਾ ਅਨਾਜ ਸਰਕਾਰੀ ਮੰਡੀਆਂ ਰਾਹੀ ਖਰੀਦਣ ਦੀ ਮੰਗ ਕੀਤੀ ਗਈ। ਇਨ੍ਹਾਂ ਸਾਰੀਆਂ ਮੰਗਾਂ ਨੂੰ ਲੈ ਕੇ ਆਉਣ ਵਾਲੀ 23 ਦਸੰਬਰ 2024 ਨੂੰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਬਾਹਰ 11 ਵਜੇ ਤੋਂ 3 ਵਜੇ ਤੱਕ ਰੋਸ ਮੁਜਾਹਰਾ ਕੀਤਾ ਜਾਵੇਗਾ ਅਤੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦਾ ਡਕੌਂਦਾ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਜਗੀਰ ਸਿੰਘ ਖਹਿਰਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਖਹਿਰਾ, ਭਾਰਤੀ ਕਿਸਾਨ ਯੂਨੀਅਨ ਮਾਨਸਾ ਦੇ ਮੇਜਰ ਸਿੰਘ ਰੰਧਾਵਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੁਰਜੀਤ ਕੁਮਾਰ, ਕੌਮੀ ਕਿਸਾਨ ਯੂਨੀਅਨ ਦੇ ਜਸਵੰਤ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਤੋਂ ਕੁਲਬੀਰ ਸਿੰਘ ਨਾਜੂ ਸ਼ਾਹ ਵਾਲਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਅਬਜ਼ਰਵਰਾਂ ਵਲੋਂ ਚੋਣ ਤਿਆਰੀਆਂ ਦਾ ਜਾਇਜ਼ਾ, ਸੁਰੱਖਿਆ ਪ੍ਰਬੰਧਾਂ, ਚੋਣ ਅਮਲੇ ਦੀ ਤਾਇਨਾਤੀ ਦੀ ਕੀਤੀ ਸਮੀਖਿਆ



ਜੰਡਿਆਲਾ ਗੁਰੂ 20 ਦਸੰਬਰ ( ਕੁਲਵੰਤ ਸਿੰਘ ਵਿਰਦੀ) ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਅੰਮ੍ਰਿਤਸਰ ਵਿਖੇ ਹੋ ਰਹੀਆਂ ਨਗਰ ਨਿਗਮ ਦੀਆਂ ਚੋਣਾਂ ਲਈ ਅਬਜ਼ਰਵਰ ਸ੍ਰੀ ਘਨਸ਼ਾਮ ਥੋਰੀ ਆਈਏਐਸ ਅਤੇ ਨਗਰ ਪੰਚਾਇਤਾਂ /ਨਗਰ ਕੌਂਸਲਾਂ ਲਈ ਅਬਜ਼ਰਵਰ ਸ੍ਰੀਮਤੀ ਹਰਗੁਨਜੀਤ ਕੌਰ ਆਈਏਐਸ ਨੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨਾਲ ਮੀਟਿੰਗ ਦੌਰਾਨ ਚੋਣ ਤਿਆਰੀਆਂ ਦਾ ਜਾਇਜਾ ਲਿਆ। ਉਨਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪੋਲਿੰਗ ਸਟੇਸ਼ਨਾਂ ਵਿਖੇ ਵੋਟਰਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ। ਇਸ ਤੋਂ ਇਲਾਵਾ ਦੋਵਾਂ ਅਬਜ਼ਰਵਰਾਂ ਵਲੋਂ ਚੋਣ ਅਮਲੇ ਦੀ ਤਾਇਨਾਤੀ ,ਪੋਲਿੰਗ ਪਾਰਟੀਆਂ ਦੀ ਰਵਾਨਗੀ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਵਿਸਥਾਰਪੂਰਵਕ ਵਿੱਚ ਜਾਨਕਾਰੀ ਪ੍ਰਾਪਤ ਕੀਤੀ। ਉਨਾਂ ਕਿਹਾ ਕਿ ਪੋਲਿੰਗ ਵਾਲੇ ਦਿਨ ਪ੍ਰਸ਼ਾਸਨਿਕ ਅਧਿਕਾਰੀ ਫੀਲਡ ਵਿੱਚ ਤਾਇਨਾਤ ਰਹਿਣ। ਜਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਅੰਮ੍ਰਿਤਸਰ ਨਗਰ ਨਿਗਮ ਦੇ 85 ਵਾਰਡਾਂ ਵਿੱਚ 811 ਬੂਥ ਬਣਾਏ ਗਏ ਹਨ। ਜਿਨ੍ਹਾਂ ਵਿਚੋਂ 300 ਸੰਵੇਦਨਸ਼ੀਲ ਅਤੇ 245 ਅਤਿ ਸੰਵੇਦਨਸ਼ੀਲ ਹਨ। ਉਨਾਂ ਦੱਸਿਆ ਕਿ ਅਜਨਾਲਾ, ਰਾਜਾਸਾਂਸੀ, ਮਜੀਠਾ, ਬਾਬਾ ਬਕਾਲਾ ਸਾਹਿਬ ਅਤੇ ਰਈਆ ਵਿਖੇ ਚੋਣਾਂ ਦੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ ਹਨ। ਉਨਾਂ ਦੱਸਿਆ ਕਿ ਨਗਰ ਕੌਂਸਲ ਅਤੇ ਨਗਰ ਪੰਚਾਇਤਾਂ ਲਈ ਕੁੱਲ 30 ਵਾਰਡਾਂ ਵਿੱਚ ਚੋਣਾਂ ਹੋਣੀਆਂ ਹਨ। ਜਿਸ ਲਈ ਕੁੱਲ 30 ਬੂਥ ਬਣਾਏ ਗਏ ਹਨ। ਜਿਨਾਂ ਵਿਚੋਂ 7 ਸੰਵੇਦਨਸ਼ੀਲ ਹਨ।

ਐਸ.ਅਸ.ਪੀ. ਸ੍ਰੀ ਚਰਨਜੀਤ ਸਿੰਘ ਨੇ ਦੱਸਿਆ ਕਿ ਸ਼ਾਂਤੀਪੂਰਵਕ ਚੋਣਾਂ ਲਈ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਹਨ। ਉਨਾਂ ਦੱਸਿਆ ਕਿ ਸੰਵੇਦਨਸ਼ੀਲ ਪੋਲਿੰਗ ਬੂਥਾਂ ਦੀ ਤਸਦੀਕ ਕਰਕੇ ਉਥੇ ਵਾਧੂ ਨੱਫਰੀ ਤਾਇਨਾਤ ਕੀਤੀ ਗਈ ਹੈ। ਮੀਟਿੰਗ ਵਿੱਚ ਹਾਜ਼ਰ ਏਡੀਸੀਪੀ ਮੈਡਮ ਹਰਕੋਮਲ ਕੌਰ ਨੇ ਦੱਸਿਆ ਕਿ ਨਗਰ ਨਿਗਮ ਦੇ ਚੋਣਾਂ ਲਈ ਪੁਲਿਸ ਵਲੋਂ ਵਿਆਪਕ ਪ੍ਰਬੰਧ ਕੀਤੇ ਗਏ ਹਨ ਅਤੇ ਸ਼ਰਾਰਤੀ ਅਨਸਰਾਂ ਤੇ ਪੂਰੀ ਨਜ਼ਰ ਰੱਖੀ ਹੋਈ ਹੈ। ਇਸ ਮੀਟਿੰਗ ਵਿੱਚ ਵਧੀਕ ਜਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਮਜੀਤ ਕੌਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


# 4,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਪਟਵਾਰੀ ਗ੍ਰਿਫ਼ਤਾਰ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 20 ਦਸੰਬਰ, ਕੁਲਜੀਤ ਸਿੰਘ ਖੋਖਰ** -ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸ਼ੁੱਕਰਵਾਰ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਵਿਖੇ ਤਾਇਨਾਤ ਮਾਲ ਪਟਵਾਰੀ ਹਰਜੀਤ ਰਾਏ ਨੂੰ 4,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਟਾਲਾ ਤਹਿਸੀਲ ਦੇ ਪਿੰਡ ਨਸੀਰਪੁਰ ਦੇ ਵਸਨੀਕ ਸੁਰਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਇੱਕ ਆਨਲਾਈਨ ਸ਼ਿਕਾਇਤ ਦੀ ਪੜਤਾਲ ਉਪਰੰਤ ਉਪਰੋਕਤ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਬਾਰੇ ਪ੍ਰਾਪਤ ਸ਼ਿਕਾਇਤ ਦੀ ਤਫ਼ਤੀਸ਼ ਦੌਰਾਨ ਇਹ ਪਾਇਆ ਗਿਆ ਕਿ ਉਕਤ ਪਟਵਾਰੀ ਨੇ ਜੱਦੀ ਜ਼ਮੀਨ ਦਾ ਇੰਤਕਾਲ ਰੋਕਣ ਬਦਲੇ 4,000 ਰੁਪਏ ਦੀ ਰਿਸ਼ਵਤ ਲਈ ਸੀ, ਜੋ ਕਿ ਪਟਵਾਰੀ ਨੇ ਪਹਿਲਾਂ ਸ਼ਿਕਾਇਤਕਰਤਾ ਦੇ ਭਤੀਜੇ ਦੇ ਹੱਕ 'ਚ ਦਰਜ ਕੀਤੀ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV





## ਜਨਮ ਦਿਨ ਮੁਬਾਰਕ

**ਗੁਰਅਸੀਸ ਕੌਰ**

ਪਿਤਾ ਪਰਮਜੀਤ ਸਿੰਘ ਰੰਧਾਵਾ, ਦਾਦਾ ਹਰਜੀਤ ਸਿੰਘ ਰੰਧਾਵਾ, ਮਾਤਾ ਰਮਨਦੀਪ ਕੌਰ,ਰੰਧਾਵਾ ਪਿੰਡ ਚੰਨਣਕੇ ,ਵਾਸੀ ਹਾਲ ਆਸਟ੍ਰੇਲੀਆ।

ਆਵਾਜ਼ਿ ਕੌਮ AWAZE QAUM International Newspaper & WEB TV

### ਗਿਆਨੀ ਹਰਪ੍ਰੀਤ ਸਿੰਘ ਦਾ ਰਾਜਨੀਤਿਕ ਵਿਕਲਪ ਬਣਨ ਦਾ

# ਅਕਾਲੀ ਲੀਡਰਸ਼ਿਪ ਨੂੰ ਡਰ ਸਤਾ ਰਿਹਾ ਹੈ : ਪ੍ਰੋ. ਸਰਚਾਂਦ ਸਿੰਘ



**ਅੰਮ੍ਰਿਤਸਰ, 20 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੰਥ ਵੱਲੋਂ ਮਿਲ ਰਹੇ ਭਰਵੇਂ ਹੁੰਗਾਰੇ ਕਾਰਨ ਅਕਾਲੀ ਲੀਡਰਸ਼ਿਪ ਨੂੰ ਇਹ ਡਰ ਸਤਾ ਰਿਹਾ ਕਿ ਨੇੜੇ ਭਵਿਖ 'ਚ ਉਹ ਉਨ੍ਹਾਂ ਦਾ ਰਾਜਨੀਤਿਕ ਵਿਕਲਪ ਨਾ ਬਣ ਜਾਵੇ। ਇਸੇ ਲਈ ਉਹ ਜਥੇਦਾਰ ਦੀ ਬਹਾਨਿਆਂ ਨਾਲ ਲਗਾਤਾਰ ਕਿਰਦਾਰਕੁਸ਼ੀ ਕਰਕੇ ਬਦਨਾਮ ਕਰਨ 'ਤੇ ਤੁਲੇ ਹੋਏ ਹਨ। ਇਸ ਤੋਂ ਪਹਿਲਾਂ ਅਕਾਲੀ ਲੀਡਰਸ਼ਿਪ ਦੇ ਇਕ ਹਿੱਸੇ ਨੇ ਮਹਾਰਾਸ਼ਟਰ ਦੀਆਂ ਚੋਣਾਂ 'ਚ ਭਾਜਪਾ ਅਗਵਾਈ ਵਾਲੀ ਮਹਾਯੁਤੀ ਨੂੰ ਸਮਰਥਨ ਦੇਣ 'ਤੇ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੂੰ ਵੀ ਨਿਸ਼ਾਨੇ 'ਤੇ ਲੈਣ ਦੀ ਨਾਕਾਮ ਸਾਜ਼ਿਸ਼ ਕੀਤੀ ਸੀ।

**☛ ਅਕਾਲੀ ਲੀਡਰਸ਼ਿਪ ਅਕਾਲ ਤਖ਼ਤ ਸਾਹਿਬ ਦੀ ਹਸਤੀ ਨੂੰ ਬੌਣਾ ਬਣਾਉਣ ਤੋਂ ਗੁਰੇਜ਼ ਕਰੇ - ਪ੍ਰੋ. ਸਰਚਾਂਦ ਸਿੰਘ ☛ ਜਥੇਦਾਰ ਦੀ ਕਿਰਦਾਰਕੁਸ਼ੀ ਰਾਜਨੀਤੀ ਤੋਂ ਪ੍ਰੇਰਿਤ ਅਤੇ ਨੀਅਤ 'ਚ ਖੋਟ ਦਾ ਪ੍ਰਮਾਣ ਹੈ**

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਬਾਦਲ ਅਕਾਲੀ ਲੀਡਰਸ਼ਿਪ ਨੂੰ ਅਕਾਲ ਤਖ਼ਤ ਸਾਹਿਬ ਦੀ ਹਸਤੀ ਨੂੰ ਬੌਣਾ ਬਣਾਉਣ ਦੀ ਸੋਚ ਅਤੇ ਪਹੁੰਚ ਅਪਣਾਉਣ ਤੋਂ ਰੋਕਦਿਆਂ ਕਿਹਾ ਕਿ ਸਿੱਖ ਪਰੰਪਰਾ ਵਿਚ ਕਿਸੇ ਵੀ ਸਿੰਘ ਸਾਹਿਬ ਜਾਂ ਤਖ਼ਤ ਸਾਹਿਬ ਦੇ ਜਥੇਦਾਰ 'ਤੇ ਲੱਗੇ ਇਲਜ਼ਾਮਾਂ ਬਾਰੇ ਪੜਤਾਲ ਕਰਾਉਣ ਦਾ ਅਧਿਕਾਰ ਖੇਤਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦਾ ਹੈ। ਬਾਦਲ ਦਲ ਨੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਰਾਹੀਂ ਗਿਆਨੀ ਹਰਪ੍ਰੀਤ ਸਿੰਘ ਦੇ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਵਾਸਤੇ ਆਪਣੇ ਚਹੇਤਿਆਂ ਦੀ ਪੜਤਾਲੀਆ ਸਭ ਕਮੇਟੀ ਬਣਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਹੀ ਸਿੱਧਾ ਮੱਥਾ ਲਾਉਂਦਿਆਂ ਇਹ ਵੀ ਪ੍ਰਮਾਣ ਦੇ ਦਿੱਤਾ ਹੈ ਕਿ ਅਕਾਲੀ ਦਲ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਹੈ, ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ 2 ਦਸੰਬਰ ਦੇ ਆਦੇਸ਼ਾਂ ਨੂੰ ਪੂਰਾ ਨਾ ਕਰਨ 'ਚ ਵੀ ਕੋਈ ਡਰ ਭੈ ਨਹੀਂ ।

ਪ੍ਰੋ. ਸਰਚਾਂਦ ਸਿੰਘ ਨੇ ਹੈਰਾਨ ਹੁੰਦਿਆਂ ਕਿਹਾ ਕਿ ਅਕਾਲੀਆਂ ਦੀ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ 'ਚ ਸਿੱਧੀ ਦਖ਼ਲ ਅੰਦਾਜ਼ੀ ਇਨ੍ਹੀਂ ਵੱਧ ਚੁੱਕੀ ਹੈ ਕਿ ਉਹ ਹੁਣ ਇਕ ਸਿੰਘ ਸਾਹਿਬ ਬਾਰੇ 17 ਸਾਲ ਪਹਿਲਾਂ ਨਿਬੇੜੇ ਗਏ ਮਾਮਲੇ ਨੂੰ ਮੁੜ ਦਰਖਾਸਤ ਦਿਵਾ ਕੇ ਖੁਲ੍ਹਵਾਉਣ 'ਤੇ ਆ ਗਏ ਹਨ। ਰਾਜਨੀਤੀ ਤੋਂ ਪ੍ਰੇਰਿਤ ਇਹ ਫ਼ੈਸਲਾ ਉਨ੍ਹਾਂ ਦੇ ਨੀਅਤ 'ਚ ਖੋਟ ਦਾ ਪਤਾ ਦੇ ਰਿਹਾ ਹੈ।

ਪ੍ਰੋ. ਸਰਚਾਂਦ ਸਿੰਘ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਜਥੇਦਾਰ ਨੂੰ ਅਹੁਦੇ ਤੋਂ ਹਟਾਉਣ ਪਿੱਛੇ ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਲੀਡਰਸ਼ਿਪ ਖਿਲਾਫ 2 ਦਸੰਬਰ ਨੂੰ ਸੁਣਾਏ ਗਏ ਸਿਧਾਂਤਕ ਫ਼ੈਸਲਿਆਂ ਨੂੰ ਬਦਲਾਉਣ ਦੀ ਮਨਸ਼ਾ ਹੋ ਸਕਦੀ ਹੈ। ਜਿਨ੍ਹਾਂ 'ਚ ਫਖਰੇ ਕੌਮ ਦਾ ਖ਼ਿਤਾਬ ਵਾਪਸ ਲੈਣ, ਅਕਾਲੀ ਦਲ ਦੀ ਭਰਤੀ ਲਈ ਕਮੇਟੀ ਬਣਾਉਣੀ ਅਤੇ ਖ਼ਾਸ ਕਰਕੇ ਮੌਜੂਦਾ ਲੀਡਰਸ਼ਿਪ ਨੂੰ ਸਿਆਸੀ ਅਗਵਾਈ ਲਈ ਅਯੋਗ ਠਹਿਰਾਉਣ ਤੋਂ ਇਲਾਵਾ ਕਈ ਸਾਲਾਂ ਤੋਂ ਪੰਥ ਨਾਲ ਫ਼ਰੇਬ ਕੀਤੇ ਜਾ ਰਹੇ ਹੋਣ ਨੂੰ ਕਬੂਲ ਕਰਾਉਣਾ ਸ਼ਾਮਿਲ ਹੈ। 2 ਦਸੰਬਰ ਦੇ ਸਿਧਾਂਤਕ ਫ਼ੈਸਲਿਆਂ ਨੇ ਦੁਨੀਆ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਭਾ ਤੋਂ ਜਾਣੂ ਕਰਾਇਆ। ਇਹ ਸੱਚ ਹੈ ਤਾਂ ਗੁਰੂ ਪੰਥ ਅਜਿਹੇ ਕਿਸੇ ਵੀ ਫ਼ੈਸਲੇ ਨੂੰ ਬਦਲਣ ਪ੍ਰਤੀ ਚੌਕਸ ਹੈ ਜਿਨ੍ਹਾਂ ਨਾਲ ਪੰਥਕ ਜਜ਼ਬਾਤ ਜੁੜੇ ਹੋਏ ਹਨ। ਗਿਆਨੀ ਹਰਪ੍ਰੀਤ ਸਿੰਘ ਇਹ ਕਹਿ ਚੁਕਾ ਹੈ ਕਿ ਉਨ੍ਹਾਂ ਨੂੰ ਸਮੁੱਚੇ ਰੂਪ 'ਚ ਰਾਜਸੀ ਅਗਵਾਈ ਦਾ ਮੌਕਾ ਮਿਲਦਾ ਹੈ ਤਾਂ ਉਹ ਜ਼ਰੂਰ ਇਸ 'ਤੇ ਵਿਚਾਰ ਕਰੇਗਾ। ਹੁਣ ਜਥੇਦਾਰ ਵੱਲੋਂ ਕੀਤੀ ਜਾ ਰਹੀ ਅਜ਼ਾਦ ਹਸਤੀ ਦੇ ਪ੍ਰਗਟਾਵੇ ਨੇ ਅਕਾਲੀ ਲੀਡਰਸ਼ਿਪ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ " ਇਹ ਬੰਦਾ ਹੁਣ ਕੰਮ ਦਾ ਨਹੀਂ ਰਿਹਾ" । ਸੋ ਉਨ੍ਹਾਂ ਦਾ ਜਾਣਾ ਤੈਅ ਸੀ। ਉਨ੍ਹਾਂ ਕਿਹਾ ਕਿ ਵੋਟ ਰਾਜਨੀਤੀ ਦੇ ਅਮਲ ਨਾਲ ਪੰਥਕ ਸੁਰਤ ਵਿਚੋਂ ਜਥੇਦਾਰ ਨੂੰ ਚੁਣਨ ਦੀ ਪੰਥਕ ਵਿਧੀ ਖ਼ਤਮ ਕਰ ਦਿੱਤੀ ਗਈ, ਅੱਜ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਦੁਆਰਾ ਕੀਤੀ ਜਾਂਦੀ ਹੈ, ਜਿਸ 'ਤੇ ਅਕਾਲੀ ਦਲ ਦਾ ਚਿਰਾਂ ਤੋਂ ਗ਼ਲਬਾ ਚਲਿਆ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਕੰਮਾਂ ਨਾਲ ਚਾਹੇ ਹਰ ਕੋਈ ਸਹਿਮਤ ਨਾ ਹੋਵੇ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਨ੍ਹਾਂ ਦੀ ਦੂਰ ਅੰਦੇਸ਼ੀ ਅਤੇ ਸੁਹਿਰਦ ਕਾਰਗੁਜ਼ਾਰੀ ਨੇ ਜਥੇਦਾਰ ਦੇ ਪਦਵੀ ਦੀ ਗਰਿਮਾ ਨੂੰ ਮੁੜ ਬਹਾਲ ਕੀਤਾ ਹੈ। ਦੇਸ਼ ਵਿਦੇਸ਼ ਦੇ ਸਿੱਖਾਂ ਵਿਚ ਜਥੇਦਾਰਾਂ ਪ੍ਰਤੀ ਵਿਸ਼ਵਾਸ ਨੂੰ ਮੁੜ ਸੁਰਜੀਤ ਕੀਤਾ ਹੈ। ਆਪਣੇ ਵੱਲੋਂ ਥਾਪੇ ਹੋਏ ਜਥੇਦਾਰ ਦੀ ਉਨ੍ਹਾਂ 'ਤੇ ਹੀ ਸਵਾਲ ਕਰਨ ਦੀ ਦਲੇਰੀ ਅਕਾਲੀ ਲੀਡਰਸ਼ਿਪ ਨੂੰ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਭਾਵੇਂ ਅਕਾਲੀ ਲੀਡਰਸ਼ਿਪ ਦੀਆਂ ਖਵਾਇਸ਼ ਦੀ ਪੂਰਤੀ ਕਰਨੀ ਜਥੇਦਾਰ ਲਈ ਮਜਬੂਰੀ ਰਹੀ ਹੋਵੇ, ਪਰ ਉਨ੍ਹਾਂ ਨੇ 'ਅਕਾਲੀ ਦਲ' ਅਤੇ ਬਾਦਲ ਪਰਿਵਾਰ ਦੀਆਂ ਖ਼ਾਮੀਆਂ ਅਤੇ ਗ਼ਲਤੀਆਂ ਨੂੰ ਵੀ ਕਈ ਵਾਰ ਨਿਸ਼ਾਨੇ ਲਿਆ ਹੈ। ਜਿਨ੍ਹਾਂ ਗੱਲਾਂ ਨੇ ਅਕਾਲੀ ਲੀਡਰਸ਼ਿਪ ਨੂੰ ਆਪੇ ਤੋਂ ਬਾਹਰ ਕੀਤਾ ਉਨ੍ਹਾਂ 'ਚ ਅਕਾਲੀ ਦਲ 'ਤੇ ਕੀਤੀ ਗਈ ਇਹ ਸਖ਼ਤ ਟਿੱਪਣੀ ਕਿ "ਸ਼੍ਰੋਮਣੀ ਅਕਾਲੀ ਦਲ ਮਜ਼ਦੂਰਾਂ ਤੇ ਕਿਸਾਨਾਂ ਦੀ ਪਾਰਟੀ ਸੀ। ਹੁਣ ਇਹ ਸਰਮਾਏਦਾਰਾਂ ਦੀ ਪਾਰਟੀ ਬਣ ਗਈ ਹੈ।" ਇਹ ਅਕਾਲੀ ਲੀਡਰਸ਼ਿਪ ਲਈ ਇਕ ਵੱਡੀ ਵੰਗਾਰ ਅਤੇ ਚਿਤਾਵਨੀ ਸੀ। ਇਸ ਤੋਂ ਇਲਾਵਾ ਜਥੇਦਾਰ ਦਾ ਇਹ ਬਿਆਨ ਕਿ "50 ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਏਜੰਡਾ ਸਿੱਖ ਪੰਥ ਅਤੇ ਗੁਰਦੁਆਰਿਆਂ ਦੀ ਚੜ੍ਹਦੀ ਕਲਾ ਸੀ, ਅੱਜ ਸਾਡੀ ਸੋਚ 'ਚੋਂ ਸਿੱਖ ਪੰਥ ਅਤੇ ਗੁਰਦੁਆਰੇ ਦੋਵੇਂ ਮਨਫ਼ੀ ਹੋ ਗਏ।" ਇਹ ਉਹ ਗੱਲਾਂ ਸਨ, ਜੋ ਅਕਾਲੀ ਲੀਡਰਸ਼ਿਪ ਤੋਂ ਬਰਦਾਸ਼ਤ ਨਹੀਂ ਸੀ ਹੋ ਰਹੀਆਂ। ਅਕਾਲੀ ਲੀਡਰਸ਼ਿਪ ਜਥੇਦਾਰ 'ਤੇ ਦਬਾਅ ਪਾਉਣ ਵਿਚ ਅਸਫਲ ਰਹੇ ਤਾਂ ਉਨ੍ਹਾਂ ਨੇ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰ ਦੇ ਅਹੁਦੇ ਤੋਂ ਉਨ੍ਹਾਂ ਨੂੰ ਹਟਾ ਦਿੱਤਾ। ਉਨ੍ਹਾਂ ਦਾ ਜਾਣਾ ਤੈਅ ਸੀ। ਜਥੇਦਾਰ ਨੂੰ ਮੌਜੂਦਾ ਸਮੇਂ ਅਸਲ ਮਾਰਗ ਤੋਂ ਭਟਕ ਚੁੱਕੀ ਅਕਾਲੀ ਲੀਡਰਸ਼ਿਪ ਨੂੰ ਆਪਣੀਆਂ ਸਿਆਸੀ ਇੱਛਾਵਾਂ ਤੋਂ ਦੂਰ ਰਹਿਣ ਅਤੇ ਪੰਥਕ ਏਜੰਡੇ ਵੱਲ ਮੁੜਨ ਲਈ ਆਪਣੀ 'ਸਲਾਹ' ਦੀ ਕੀਮਤ ਚੁਕਾਉਣੀ ਪਈ। ਬੇਸ਼ੱਕ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਕਾਬਲੀਅਤ ਨੂੰ ਸਾਬਤ ਕੀਤਾ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸਿਖਰਲੇ ਅਕਾਲੀ ਆਗੂਆਂ ਦੀ ਧੌਂਸਵਾਦੀ ਸਿਆਸਤ ਨੇ ਪੰਥਕ ਸੋਚ ਵਾਲੇ ਸਾਰੇ ਭਰਮ-ਭੁਲੇਖੇ ਕਾਫ਼ੂਰ ਕਰ ਦਿੱਤੇ ਹਨ। ਅੱਜ ਹਰ ਫ਼ਰੰਟ 'ਤੇ ਮੂੰਹ ਦੀ ਖਾਣ ਤੋਂ ਬਾਅਦ ਅਕਾਲੀ ਦਲ ਮੁੜ ਪੰਥਕ ਸਰੂਪ ਅਤੇ ਸਿਆਸਤ ਵਲ ਮੋੜਾ ਕੱਟਣ ਦਾ ਪੈਂਤੜਾ ਅਪਣਾਉਣ ਦੀ ਨਾਕਾਮ ਕੋਸ਼ਿਸ਼ ਵਿਚ ਹੈ। ਬੇਸ਼ੱਕ ਆਉਣ ਵਾਲੇ ਸਮੇਂ ਵਿਚ ਪੰਜਾਬ ਅਤੇ ਪੰਥਕ ਸਿਆਸਤ ਅੰਦਰ ਨਵੇਂ ਸਿਆਸੀ ਸਮੀਕਰਨ ਅਤੇ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ।

### ਪੁਲਿਸ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜਨਰਲ ਬਾਡੀ ਦੀ ਚੋਣ ਕਰਵਾਈ ਗਈ

# ਸੇਵਾਮੁਕਤ ਐਸਪੀ ਸ਼ੈਲੇਂਦਰ ਸਿੰਘ ਸ਼ੈਲੀ ਬਣੇ ਸਰਪ੍ਰਸਤ




**ਚੌਕ ਮਹਿਤਾ, 20 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੁਲੀਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਕਚਹਿਰੀ ਨੇੜੇ ਅਜਨਾਲਾ ਰੋਡ 'ਤੇ ਸਥਿਤ ਆਪਣੇ ਦਫ਼ਤਰ ਵਿਖੇ ਪ੍ਰਧਾਨ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਜਨਰਲ ਬਾਡੀ ਦੀ ਚੋਣ ਕਰਵਾਈ ਗਈ। ਇਸ ਚੋਣ ਵਿੱਚ ਸੇਵਾਮੁਕਤ ਐਸਪੀ ਸ਼ੈਲੇਂਦਰ ਸਿੰਘ ਸ਼ੈਲੀ ਨੂੰ ਸਰਪ੍ਰਸਤ ਚੁਣਿਆ ਗਿਆ। ਇਸ ਤੋਂ ਇਲਾਵਾ ਸਾਰੇ ਮੈਂਬਰਾਂ ਨੇ ਮਿਲ ਕੇ ਸਥਾਨਕ ਸੰਸਥਾਵਾਂ ਲਈ ਅੱਠ ਡਿਪਟੀ ਮੁਖੀ, ਇੱਕ ਸੰਯੁਕਤ ਸਕੱਤਰ, ਅੱਠ ਕਾਰਜਕਾਰਨੀ ਮੈਂਬਰ ਅਤੇ ਤੇਰਾਂ ਵਿਅਕਤੀਆਂ ਦੀ ਚੋਣ ਕੀਤੀ। ਇਸ ਮੌਕੇ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸੇਵਾਮੁਕਤ ਪੁਲਿਸ ਮੁਲਾਜ਼ਮਾਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਪਿਛਲੇ ਕਾਰਜਕਾਲ ਨਾਲੋਂ ਬਿਹਤਰ ਤਰੀਕੇ ਨਾਲ ਦੇਖਭਾਲ ਕੀਤੀ ਜਾਵੇਗੀ ਅਤੇ ਕਿਸੇ ਵੀ ਹੋਰ ਲੋੜ ਪੈਣ 'ਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ, ਇਸ ਮੌਕੇ ਜਨਰਲ ਸਕੱਤਰ ਅਮਰੀਕ ਸਿੰਘ, ਕਸ਼ਮੀਰ ਸਿੰਘ, ਹਰਜੀਤ ਸਿੰਘ, ਗੁਰਨਾਮ ਸਿੰਘ, ਲਖਬੀਰ ਸਿੰਘ, ਸੁਰਜੀਤ ਸਿੰਘ, ਅਸ਼ਵਨੀ ਕੁਮਾਰ ਸ਼ਰਮਾ, ਰਣਜੀਤ ਸਿੰਘ, ਮਹਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

## ਸ਼ੀਤ ਰੁੱਤ ਵਿੱਚ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਦਾ ਰੱਖੋ ਖ਼ਾਸ ਧਿਆਨ, ਡਾ. ਗੁਰਪ੍ਰਤਾਪ ਸਿੰਘ, ਡਾ. ਤਾਜ, ਡਾ. ਰੰਧਾਵਾ, ਡਾ. ਢਿੱਲੋਂ



**ਚੌਕ ਮਹਿਤਾ, 20 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਡਾ, ਗੁਰਪਰਾਤ ਸਿੰਘ ਮੈਡੀ ਅਫ਼ਸਰ ,ਡਾ, ਸਿਰਤਾਜ ਸਿੰਘ ਮੱਤੇਵਾਲ, ਡਾ, ਰਾਜਵਿੰਦਰ ਸਿੰਘ ਰੰਧਾਵਾ, ਮਾਨਾਵਾਲ,ਡਾ, ਗੁਰਜੀਤ ਸਿੰਘ ਢਿੱਲੋਂ ਮੈਡੀਕਲ ਅਫ਼ਸਰ,ਸੀ ਐਚ ਸੀ ਚੰਨਣਕੇ ਵਲੋਂ ਸ਼ੀਤ ਰੁੱਤ ਵਿਚ ਬੱਚਿਆਂ ਅਤੇ ਬਜੁਰਗਾਂ ਦੀ ਸਿਹਤ ਦਾ ਖਾਸ ਧਿਆਨ ਰੱਖਣ ਲਈ ਐਡਵਾਜਰੀ ਜਾਰੀ ਕੀਤੀ ਹੈ। ਇਸ ਮੌਕੇ ਉਹਨਾਂ ਕਿਹਾ ਕਿ ਸਰਦੀ ਦੇ ਮੌਸਮ ਵਿਚ ਬਜੁਰਗ ਅਤੇ ਬੱਚੇ ਦੋਵਾਂ ਦੀ ਹੀ ਸਿਹਤ ਪ੍ਰਭਾਵਿਤ ਹੁੰਦੀ ਹੈ ਕਿਉਕਿ ਉਹ ਬਹੁਤ ਜਲਦ ਠੰਡ ਲਗਣ ਕਾਰਣ ਬੀਮਾਰ ਹੋ ਸਕਦੇ ਹਨ। ਅਜਿਹੇ ਮੌਸਮ ਵਿਚ ਸਾਰੇ ਬਜੁਰਗਾਂ ਖਾਸ ਕਰਕੇ ਜਿਨਾਂ ਨੂੰ ਸ਼ੂਗਰ, ਦਮਾਂ ਜਾਂ ਦਿਲ ਦੀ ਬੀਮਾਰੀਆਂ ਹਨ ਨੂੰ ਠੰਢ ਤੋਂ ਬਚਾ ਕੇ ਰੱਖਣਾਂ ਚਾਹੀਦਾ ਹੈ ਅਤੇ ਬਿਨਾਂ ਕੰਮ ਤੋਂ ਘਰੋਂ ਬਾਹਰ ਨਹੀ ਜਾਣਾਂ ਚਾਹੀਦਾ। ਛੋਟੇ ਬੱਚਿਆਂ ਨੂੰ ਨਿੱਘਾ ਰੱਖਣਾਂ ਚਾਹੀਦਾ ਹੈ, ਗਰਮ ਕਪੜੇ ਦਾ ਕੇ ਰੱਖਣੇ ਚਾਹੀਦੇ ਹਨ, ਸਿਰ ਅਤੇ ਪੈਰਾਂ ਨੂੰ ਕਵਰ ਕਰਕੇ ਰੱਖਣਾਂ ਚਾਹੀਦਾ ਹੈ ਅਤੇ ਖਾਂਸੀ ਜੁਕਾਮ, ਦਸਤ, ਉਲਟੀ ਜਾਂ ਬੁਖਾਰ ਹੋਣ ਤੇ ਤੁਰੰਤ ਮਾਹਿਰ ਡਾਕਟਰਾਂ ਪਾਸ ਜਾਣਾਂ ਚਾਹੀਦਾ ਹੈ। ਉਹਨਾਂ ਆਖਿਆ ਕਿ ਬੰਦ ਕਮਰੇ ਵਿਚ ਅੰਗੀਠੀ ਨਾਂ ਬਾਲੋ, ਕਿਉਕਿ ਇਸ ਨਾਲ ਕਾਰਬਨ ਮੋਨ ਅਕਸਾਈਡ ਗੈਸ ਪੈਦਾ ਹੁੰਦੀ ਹੈ, ਜੋਕਿ ਜਾਨ-ਲੇਵਾ ਸਾਬਿਤ ਹੋ ਸਕਦੀ ਹੈ। ਭਰ ਸਰਦੀ ਵਿਚ ਆਪਣੀ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਣਾਂ ਚਾਹੀਦਾ ਹੈ ਅਤੇ ਸਮੇਂ-ਸਮੇਂ ਤੇ ਗਰਮ ਤਰਲ ਪਦਾਰਥ ਲੈਣੇ ਚਾਹੀਦੇ ਹਨ। ਇਸਤੋਂ ਇਲਾਵਾ ਮੌਸਮ ਵਿਭਾਗ ਦੀਆਂ ਚੇਤਾਵਨੀਆਂ ਦਾ ਵੀ ਵਿਸ਼ੇਸ਼ ਧਿਆਨ ਰੱਖਣਾਂ ਚਾਹੀਦਾ ਹੈ। ਜਿਆਦਾ ਧੁੰਦ, ਬਾਰਿਸ਼, ਕੋਹਰਾ ਜਾਂ ਗੜੇ ਪੈਣ ਦੀ ਸੂਰਤ ਵਿਚ ਘਰੋਂ ਬਾਹਰ ਨਹੀ ਜਾਣਾਂ ਚਾਹੀਦਾ ਅਤੇ ਕਾਂਬਾ ਲਗਣ ਵਾਲੀ ਸਥਿਤੀ ਨੂੰ ਗੰਭੀਰਤਾ ਨਾਲ ਲੈਣਾਂ ਚਾਹੀਦਾ ਹੈ। ਇਸਤੋਂ ਇਲਾਵਾ ਆਪਣੇ ਪਾਲਤੂ ਜਾਨਵਰਾਂ, ਮੱਝਾਂ, ਗਾਵਾਂ ਆਦਿ ਨੂੰ ਠੰਢ ਤੋਂ ਬਚਾਉਣਾਂ ਚਾਹੀਦਾ ਹੈ। ਇਸ ਮੌਕੇ ਤੇ ਸੰਤ ਗਿਆਨੀ ਗੁਰਬਚਨ ਸਿੰਘ ਮੈਮੋਰੀਅਲ ਹਸਪਤਾਲ ਚੌਕ ਮਹਿਤਾ ਮੈਡੀਕਲ ਅਫ਼ਸਰ ਡਾ, ਗੁਰਪਰਾਤ ਸਿੰਘ ਜੰਮੂ, ਡਾ, ਸਿਰਤਾਜ ਸਿੰਘ ਤਾਜ ਮਲਟੀਸਪੈਸ਼ਲ ਟੀ ਹਸਪਤਾਲ ਮੱਤੇਵਾਲ, ਡਾ ਰਾਜਬਰਿੰਦਰ ਸਿੰਘ ਰੰਧਾਵਾ ਈ ਐਨ ਟੀ ਸਰਜਨ ਮਾਨਾਵਾਲ ਕਲਾ ਰੰਧਾਵਾ ਹਸਪਤਾਲ , ਡਾ ਗੁਰਜੀਤ ਸਿੰਘ ਢਿੱਲੋਂ ਐਸ ਐਚ ਸੀ ਚੰਨਣਕੇ ਵਾਲੇ ਹਾਜ਼ਰ ਸਨ।

## ਪੰਥ ਦੀਆਂ ਨੁਮਾਇੰਦਾ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਵਿੱਢਿਆ ਜਾਵੇਗਾ ਮੋਰਚਾ: ਦਿੱਲੀ ਗੁਰਦੁਆਰਾ ਕਮੇਟੀ



**ਨਵੀਂ ਦਿੱਲੀ, 20 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇਸ ਵੇਲੇ ਬਾਦਲ ਪਰਿਵਾਰ ਦੀ ਸੇਵਾ ਵਿਚ ਜੋ ਭੂਮਿਕਾ ਨਿਭਾ ਰਹੇ ਹਨ, ਇਹ ਇਤਿਹਾਸ ਵਿਚ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ। ਉਹਨਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਪੰਥਕ ਜਥੇਬੰਦੀਆਂ ਡੱਟ ਕੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਖੜ੍ਹੀਆਂ ਹਨ ਤੇ ਹਮੇਸ਼ਾ ਖੜ੍ਹੀਆਂ ਰਹਿਣਗੀਆਂ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਬਦਨਾਮ ਕਰਨ ਵਾਸਤੇ ਪੁਰਜ਼ੋਰ ਕੋਸ਼ਿਸ਼ਾਂ ਹੋ ਰਹੀਆਂ ਹਨ ਕਿਉਂਕਿ ਉਹ 2 ਦਸੰਬਰ ਦੀ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਸ਼ਾਮਲ ਸਨ ਜਿਸ ਵਿਚ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਤਨਖਾਹ ਲਗਾਈ ਗਈ ਸੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਹਦਾਇਤ ਹੋਈ ਸੀ ਕਿ 3 ਦਿਨਾਂ ਦੇ ਅੰਦਰ-ਅੰਦਰ ਸਰਦਾਰ ਬਾਦਲ ਤੇ ਹੋਰ ਮੈਂਬਰਾਂ ਦੇ ਅਸਤੀਫੇ ਪ੍ਰਵਾਨ ਕੀਤੇ ਜਾਣ। ਉਹਨਾਂ ਕਿਹਾ ਕਿ ਇਸ ਤੋਂ ਬਾਅਦ ਅਕਾਲੀ ਦਲ ਨੂੰ 20 ਦਿਨਾਂ ਦਾ ਸਮਾਂ ਕਿਉਂ ਤੇ ਕਿਵੇਂ ਦਿੱਤਾ ਗਿਆ ਇਹ ਗੱਲ ਬੁਝਾਰਤ ਬਣੀ ਹੋਈ ਹੈ। ਉਹਨਾਂ ਕਿਹਾ ਕਿ ਇਹ ਵੀ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਵਿਰਸਾ ਸਿੰਘ ਵਲਟੋਹਾ ਨਾਲ ਗੱਲਬਾਤ ਦੀ ਵੀਡੀਓ ਦਾ ਸਿਰਫ ਇਕ ਹਿੱਸਾ ਹੀ ਜਨਤਕ ਹੋਇਆ ਹੈ, ਉਹ ਵੀ ਬਹੁਤ ਭੇਦਭਰੀ ਹਾਲਾਤ ਵਿਚ ਹੋਇਆ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 'ਤੇ ਇਕ ਪਰਿਵਾਰ ਦਾ ਕਬਜ਼ਾ ਹੈ ਤੇ ਇਸ ਕਬਜ਼ੇ ਨੂੰ ਮਜ਼ਬੂਤ ਕਰਨ ਵਾਸਤੇ ਕਾਰਵਾਈ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਜਥੇਦਾਰ ਦੇ ਅਹੁਦੇ 'ਤੇ ਨਿਯੁਕਤੀ ਤੋਂ ਪਹਿਲਾਂ ਹੀ ਸ਼ਖਸੀਅਤ ਬਾਰੇ ਪੂਰੀ ਘੋਖ ਪੜਤਾਲ ਕੀਤੀ ਜਾਵੇ ਪਰ ਜਦੋਂ ਨਿਯੁਕਤੀ ਹੋ ਜਾਵੇ ਤਾਂ ਉਸ ਮਗਰੋਂ ਜਥੇਦਾਰ ਸਾਹਿਬਾਨ ਦੀ ਕਿਰਦਾਰਕੁਸ਼ੀ ਨਾ ਕੀਤੀ ਜਾਵੇ। ਉਹਨਾਂ ਕਿਹਾ ਕਿ ਜੋ ਇਸ ਵੇਲੇ ਐਡਵੋਕੇਟ ਧਾਮੀ ਜਾਂ ਸ਼੍ਰੋਮਣੀ ਕਮੇਟੀ ਕਰ ਰਹੀ ਹੈ, ਉਸ ਤੋਂ ਸਪਸ਼ਟ ਹੈ ਕਿ ਜਿਹੜਾ ਵਿਅਕਤੀ ਇਕ ਪਰਿਵਾਰ ਦੀ ਜੀ ਹਜ਼ੂਰੀ ਕਰੇਗਾ, ਉਸਨੂੰ ਹੀ ਪੰਥ ਵਿਚ ਰਹਿਣ ਦਿੱਤਾ ਜਾਵੇਗਾ ਤੇ ਦੂਜਿਆਂ ਨੂੰ ਪੰਥ ਵਿਚ ਨਹੀਂ ਰਹਿਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਜਨਮ ਦੇਣ ਵਾਲੀ ਮਾਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਹੀ ਬਦਨਾਮ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਐਡਵੋਕੇਟ ਧਾਮੀ ਨੇ ਤਾਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਪ੍ਰਤੀ ਵੀ ਬਹੁਤ ਹੀ ਮੰਦਭਾਗੀ ਸ਼ਬਦਾਵਲੀ ਵਰਤੀ ਪਰ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਹੋਈ । ਜਦੋਂ ਕਿ ਇਕ ਰਿਸ਼ਤੇਦਾਰ ਬਣ ਕੇ ਸਾਹਮਣੇ ਆਏ ਵਿਅਕਤੀ ਦੇ ਮਾਮਲੇ ਵਿਚ ਗਿਆਨੀ ਹਰਪ੍ਰੀਤ ਸਿੰਘ ਦੇ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਥ ਦੀਆਂ ਨੁਮਾਇੰਦਾ ਜਥੇਬੰਦੀਆਂ ਦੀ ਜਲਦ ਮੀਟਿੰਗ ਕਰ ਕੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਮੋਰਚਾ ਵਿੱਢਿਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬ੍ਰਿਟਿਸ਼ ਸਿੱਖਾਂ ਨੂੰ ਭਾਰਤ ਵੱਲੋਂ ਪਰੇਸ਼ਾਨ ਕੀਤੇ ਜਾਣ ਦੀ ਰਿਪੋਰਟ ਤੋਂ ਬਾਅਦ

# ਸੁਰੱਖਿਆ ਮੰਤਰੀ ਨੇ ਜਾਰੀ ਕੀਤੀ ਸਖ਼ਤ ਚੇਤਾਵਨੀ



## ਗ੍ਰਹਿ ਸਕੱਤਰ ਯਵੇਟ ਕੂਪਰ ਨੂੰ ਪੱਤਰ ਲਿਖ ਪ੍ਰੀਤ ਕੌਰ ਗਿੱਲ ਨੇ ਪ੍ਰਗਟ ਕੀਤੀ ਚਿੰਤਾ

**ਨਵੀਂ ਦਿੱਲੀ 20 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):-** ਯੂਕੇ ਦੇ ਸੁਰੱਖਿਆ ਮੰਤਰੀ ਨੇ ਸਖ਼ਤ ਚੇਤਾਵਨੀ ਦੇਂਦਿਆ ਕਿਹਾ ਕਿ ਯੂਕੇ ਵਿਦੇਸ਼ਾਂ ਦੁਆਰਾ ਬ੍ਰਿਟਿਸ਼ ਨਾਗਰਿਕਾਂ ਨੂੰ ਤੰਗ ਕਰਨ ਜਾਂ ਡਰਾਉਣ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰੇਗਾ, ਕਿਉਂਕਿ ਬਹੁਤ ਸਾਰੇ ਸਿੱਖਾਂ ਵੱਲੋਂ ਉਨ੍ਹਾਂ ਕੋਲ ਇਸ ਬਾਬਤ ਸ਼ਿਕਾਇਤ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਜਾਂ ਤਾਂ ਭਾਰਤ ਸਰਕਾਰ ਦੁਆਰਾ ਜਾਂ ਉਨ੍ਹਾਂ ਤਰਫੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਡੈਨ ਜਾਰਵਿਸ ਨੇ ਬਰਤਾਨੀਆ ਦੇ ਹਵਾਈ ਅੱਡਿਆਂ 'ਤੇ ਲੋਕਾਂ ਨੂੰ ਰੋਕੇ ਜਾਣ ਅਤੇ ਭਾਰਤੀ ਰਾਜ ਬਾਰੇ ਉਨ੍ਹਾਂ ਦੇ ਵਿਚਾਰ ਪੁੱਛੇ ਜਾਣ ਸਮੇਤ ਬ੍ਰਿਟਿਸ਼ ਸਿੱਖਾਂ ਨੂੰ ਪਰੇਸ਼ਾਨ ਕਰਨ ਦੀਆਂ ਰਿਪੋਰਟਾਂ ਤੋਂ ਬਾਅਦ ਸਿੱਖ ਫੈਡਰੇਸ਼ਨ ਨੂੰ ਪੱਤਰ ਲਿਖਿਆ ਹੈ। ਜਾਰਵਿਸ ਨੇ ਭਾਰਤ ਸਰਕਾਰ ਨੂੰ ਕੈਨੇਡੀਅਨ ਮੂਲ ਦੇ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਕੈਨੇਡੀਅਨ ਜਾਂਚ ਵਿੱਚ ਸਹਿਯੋਗ ਕਰਨ ਦੀ ਵੀ ਅਪੀਲ ਕੀਤੀ, ਜਿਸਨੂੰ ਓਟਾਵਾ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਦੀ ਸ਼ਮੂਲੀਅਤ ਨਾਲ ਮਾਰਿਆ ਗਿਆ ਸੀ। ਜਾਰਵਿਸ ਨੇ ਆਪਣੀ ਚਿੱਠੀ ਵਿੱਚ ਲਿਖਿਆ ਕਿ ਅਸੀਂ ਡਰਾਉਣ ਜਾਂ ਜਾਨ ਲਈ ਖਤਰੇ ਨੂੰ ਬਰਦਾਸ਼ਤ ਨਹੀਂ ਕਰਦੇ, ਅਤੇ ਸਾਡੀਆਂ ਖੁਫੀਆ ਏਜੰਸੀਆਂ ਅਤੇ ਪੁਲਿਸ ਬਲਾਂ ਦੁਆਰਾ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਸਾਡੇ ਕੋਲ ਸਾਰੇ ਸਾਧਨਾਂ ਦੀ ਵਰਤੋਂ ਕਰਨਾ ਜਾਰੀ ਰੱਖੇਗਾ। ਯੂਕੇ ਵਿੱਚ ਕਿਸੇ ਵੀ ਵਿਦੇਸ਼ੀ ਸ਼ਕਤੀ ਦੁਆਰਾ ਵਿਅਕਤੀਆਂ ਜਾਂ ਭਾਈਚਾਰਿਆਂ ਨੂੰ ਡਰਾਉਣ, ਤੰਗ ਕਰਨ ਜਾਂ ਨੁਕਸਾਨ ਪਹੁੰਚਾਉਣ ਦੀ ਕੋਈ ਵੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸਦੇ ਨਾਲ ਹੀ ਅਸੀਂ ਕੈਨੇਡੀਅਨ ਜਾਂਚਾਂ ਦੇ ਨਤੀਜਿਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਯੂਕੇ ਨੂੰ ਕੈਨੇਡਾ ਦੀ ਨਿਆਂ ਪ੍ਰਣਾਲੀ ਵਿੱਚ ਪੂਰਾ ਭਰੋਸਾ ਹੈ। ਸਾਰੇ ਦੇਸ਼ਾਂ ਨੂੰ ਪ੍ਰਭੂਸੱਤਾ ਅਤੇ ਕਾਨੂੰਨ ਦੇ ਸ਼ਾਸਨ ਦਾ ਸਨਮਾਨ ਕਰਨਾ ਚਾਹੀਦਾ ਹੈ, ਅਤੇ ਅਸੀਂ ਭਾਰਤ ਸਰਕਾਰ ਸਮੇਤ ਸਾਰੀਆਂ ਸ਼ਾਮਲ ਪਾਰਟੀਆਂ ਨੂੰ ਕਾਨੂੰਨੀ ਪ੍ਰਕਿਰਿਆ ਵਿੱਚ ਸਹਿਯੋਗ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਬਰਤਾਨਵੀ ਸਿੱਖਾਂ ਨੇ ਪਰੇਸ਼ਾਨੀ ਬਾਰੇ ਸ਼ਿਕਾਇਤ ਕੀਤੀ ਹੈ ਜੋ ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਘਰ ਵਿੱਚ ਸਾਹਮਣਾ ਕਰਨਾ ਪਿਆ ਹੈ, ਜਿਹਨਾਂ ਵਿੱਚੋਂ ਜ਼ਿਆਦਾਤਰ ਉਹਨਾਂ ਦੇ ਵਿਚਾਰਾਂ 'ਤੇ ਕੇਂਦਰਿਤ ਹਨ ਕਿ ਕੀ ਸਿੱਖਾਂ ਨੂੰ ਭਾਰਤ ਦਾ ਹਿੱਸਾ ਉਹਨਾਂ ਦੇ ਆਪਣੇ ਵਤਨ ਵਜੋਂ ਦਿੱਤਾ ਜਾਣਾ ਚਾਹੀਦਾ ਹੈ। ਜਿਕਰਯੋਗ ਹੈ ਕਿ ਖਾਲਿਸਤਾਨ ਲਹਿਰ ਲੰਬੇ ਸਮੇਂ ਤੋਂ ਦਿੱਲੀ ਦੀਆਂ ਮੁੱਖ ਚਿੰਤਾਵਾਂ ਵਿੱਚੋਂ ਇੱਕ ਰਹੀ ਹੈ, ਜਿਸ ਦਾ ਧਿਆਨ ਹਾਲ ਹੀ ਦੇ ਸਾਲਾਂ ਵਿੱਚ ਯੂਕੇ ਅਤੇ ਉੱਤਰੀ ਅਮਰੀਕਾ ਵਿੱਚ ਸਿੱਖ ਡਾਇਸਪੋਰਾ ਵੱਲ ਮੋੜਿਆ ਗਿਆ ਹੈ। ਸਿੱਖ ਕਾਰਕੁਨ ਅਵਤਾਰ ਸਿੰਘ ਖੰਡਾ ਨੇ ਪਿਛਲੇ ਸਾਲ ਜੂਨ ਵਿੱਚ ਆਪਣੀ ਅਚਾਨਕ ਮੌਤ ਤੋਂ ਪਹਿਲਾਂ, ਭਾਰਤੀ ਪੁਲਿਸ ਦੁਆਰਾ ਫੋਨ 'ਤੇ ਪ੍ਰੇਸ਼ਾਨ ਕੀਤੇ ਜਾਣ ਦੀ ਸ਼ਿਕਾਇਤ ਕੀਤੀ ਸੀ। ਸਿੱਖ ਭਾਈਚਾਰੇ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਬ੍ਰਿਟਿਸ਼ ਸਿੱਖਾਂ ਨੂੰ ਯੂਕੇ ਦੇ ਹਵਾਈ ਅੱਡਿਆਂ 'ਤੇ ਰੋਕਿਆ ਜਾ ਰਿਹਾ ਹੈ ਅਤੇ ਅੱਤਵਾਦ ਐਕਟ 2000 ਦੇ ਸ਼ਿਡਊਲ 7 ਦੇ ਤਹਿਤ ਭਾਰਤ ਬਾਰੇ ਉਨ੍ਹਾਂ ਦੇ ਵਿਚਾਰਾਂ ਬਾਰੇ ਸਵਾਲ ਕੀਤੇ ਜਾ ਰਹੇ ਹਨ। ਇਸੇ ਹਫ਼ਤੇ ਲੇਬਰ ਸੰਸਦ ਮੈਂਬਰ ਅਤੇ ਸੰਸਦ ਵਿੱਚ ਸਭ ਤੋਂ ਪ੍ਰਮੁੱਖ ਸਿੱਖਾਂ ਵਿੱਚੋਂ ਇੱਕ ਪ੍ਰੀਤ ਕੌਰ ਗਿੱਲ ਨੇ ਹਾਲ ਹੀ ਵਿੱਚ ਗ੍ਰਹਿ ਸਕੱਤਰ ਯਵੇਟ ਕੂਪਰ ਨੂੰ ਪੱਤਰ ਲਿਖ ਕੇ ਦੇਸ਼ ਵਿੱਚ ਵਾਪਸ ਆਉਣ ਵਾਲੇ ਬ੍ਰਿਟਿਸ਼ ਸਿੱਖਾਂ ਨਾਲ ਹੋ ਰਹੇ ਸਲੂਕ ਬਾਰੇ ਚਿੰਤਾ ਜ਼ਾਹਰ ਕੀਤੀ ਸੀ । ਇਸ ਮਾਮਲੇ 'ਚ ਉਨ੍ਹਾਂ ਇੱਕ ਵਿਅਕਤੀ ਦੇ ਕੇਸ ਦਾ ਵੇਰਵਾ ਦਿੱਤਾ ਜਿਸਨੂੰ ਰੋਕਿਆ ਗਿਆ ਸੀ ਅਤੇ ਸਿੱਖ ਧਰਮ, ਭਾਰਤ ਦੀ ਵੰਡ ਅਤੇ ਕੈਨੇਡਾ ਵਿੱਚ ਨਿੱਝਰ ਦੀ ਮੌਤ ਬਾਰੇ ਉਸਦੇ ਵਿਚਾਰਾਂ ਬਾਰੇ ਪੁੱਛਿਆ ਗਿਆ ਸੀ। ਪ੍ਰੀਤ ਕੌਰ ਗਿੱਲ ਨੇ ਪੱਤਰ ਵਿਚ ਕਿਹਾ ਕਿ ਮੇਰੇ ਕੋਲ ਮੌਜੂਦ ਸਬੂਤ ਮੈਨੂੰ ਚਿੰਤਾ ਦਾ ਕਾਰਨ ਦਿੰਦੇ ਹਨ ਕਿ ਕਾਨੂੰਨ ਦੀ ਪਾਲਣਾ ਕਰਨ ਵਾਲੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਅਤੇ ਉਹਨਾਂ ਨੂੰ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਅਣਉਚਿਤ ਸਵਾਲ ਕੀਤੇ ਜਾ ਰਹੇ ਹਨ ਜੋ ਉਹਨਾਂ ਦੀ ਪਛਾਣ ਅਤੇ ਧਾਰਮਿਕ ਵਿਸ਼ਵਾਸਾਂ 'ਤੇ ਕੇਂਦਰਿਤ ਹਨ ।

### ਪੰਜਾਬ ਐਂਡ ਸਿੰਧ ਬੈਂਕ ਬਰਾਂਚ ਧੂਰੀ, ਸੰਗਰੂਰ, ਸੂਲਰ ਘਰਾਟ ਵੱਲੋਂ

# ਕਸਟਮਰ ਮੀਟ ਦਾ ਆਯੋਜਨ ਕੀਤਾ ਗਿਆ







ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਐਂਡ ਸਿੱਧ ਬੈਂਕ ਬਰਾਂਚ ਧੂਰੀ ਸੰਗਰੂਰ ਸੂਲਰ ਘਰਾਟ ਵੱਲੋਂ ਐਮ,ਐਸ,ਐਮ,ਈ ਕਸਟਮਰ ਮੀਟ ਦਾ ਆਯੋਜਨ ਸੰਗਰੂਰ ਰੋਡ ਸਪੈਗਲ ਸਟੋਨ ਲੱਡਾ ਵਿਖੇ ਕੀਤਾ ਗਿਆ। ਜਿਸ ਵਿੱਚ ਮਿ: ਚਮਨ ਲਾਲ ਐਫ,ਜੀ, ਐਮ ਚੰਡੀਗੜ੍ਹ, ਮੈਡਮ ਉਪਾਸਨਾ ਧਰ ਜੋਨਲ ਮੈਨੇਜਰ ਪਟਿਆਲਾ, ਵਿਨੇ ਕੁਮਾਰ ਉਜਾਂ ਚੀਫ ਮੈਨੇਜਰ ਪਟਿਆਲਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਿ: ਚਮਨ ਲਾਲ ਐਫ ਜੀ ਐਮ ਚੰਡੀਗੜ੍ਹ ਨੇ ਕਿਹਾ ਕਿ ਜੋ ਵੀ ਕਸਟਮਰ ਪੰਜਾਬ ਐਂਡ ਸਿੱਧ ਬੈਂਕ ਪਰਿਵਾਰ ਦਾ ਹਿੱਸਾ ਹਨ, ਉਹਨਾਂ ਦੇ ਲਈ ਬੈਂਕ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆ ਜਾ ਰਹੀਆਂ ਹਨ ਜਿਵੇਂ ਕਿ ਕਾਰ ਲੋਨ, ਹੋਮ ਲੋਨ ਔਰਤਾਂ ਲਈ ਵੱਖ ਦੀਆਂ ਸੁਵਿਧਾਵਾਂ ਉਪਲਬਧ ਕੀਤੀਆਂ ਗਈਆਂ ਹਨ ਜੋ ਕਿ ਦੂਸਰੀਆਂ ਬੈਂਕਾਂ ਦੇ ਨਾਲੋਂ ਕਾਫੀ ਬਿਆਜ ਦਰ ਘੱਟ ਹਨ। ਇਸ ਕਸਟਮਰ ਮੀਟ ਦਾ ਪ੍ਰਬੰਧ ਪੰਜਾਬ ਐਂਡ ਸਿੰਧ ਬੈਂਕ ਬਰਾਂਚ ਧੂਰੀ ਵੱਲੋਂ ਕੀਤਾ ਗਿਆ। ਇਸ ਮੌਕੇ ਚੇਅਰਮੈਨ ਗਉ ਸੇਵਾ ਕਮਿਸ਼ਨ ਸ੍ਰੀ ਅਸ਼ੋਕ ਕੁਮਾਰ ਸਿੰਗਲਾ ਲੱਖਾ,ਉੱਘੇ ਸਮਾਜ ਸੇਵੀਡਾਕਟਰ ਏਆਰ ਸ਼ਰਮਾ ਰਾਈਸੀਲਾ ਗਰੁੱਪ ਧੂਰੀ, ਉੱਘੇ ਸਮਾਜ ਸੇਵੀ ਮਿੱਠੂ ਔਲਖ, ਰਾਈਸ ਮਿੱਲ ਐਸੋਸੀਏਸਨ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਬਿੱਲੂ,ਉੱਘੇ ਸਮਾਜ ਸੇਵੀ ਅਸ਼ੋਕ ਜੀ, ਸਾਬਕਾ ਐਮ,ਸੀ ਰਜਿੰਦਰ ਸਿੰਘ ਲੱਧੜ ਹਾਜ਼ਰ ਸਨ।

### ਡਾ. ਅੰਬੇਡਕਰ ਸਾਹਿਬ ਦੇ ਅਪਮਾਨ ਲਈ

# ਅਮਿਤ ਸ਼ਾਹ ਮੁਆਫ਼ੀ ਮੰਗਣ : ਡਾ. ਸੇਰਪੁਰ



ਸੇਰਪੁਰ ( ਰਣਜੀਤ ਸਿੰਘ ਪੇਧਨੀ ) ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਦਾ ਨਾਂ ਗਲਤ ਢੰਗ ਨਾਲ ਲੈਣ ਲਈ ਸਮੁੱਚੇ ਦੇਸ ਵਿੱਚ ਵਸਦੇ ਡਾ. ਸਾਹਿਬ ਨੂੰ ਪਿਆਰ ਕਰਨ ਵਾਲੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਜਿਲ੍ਹਾ ਬਰਨਾਲਾ ਦੇ ਇੰਚਾਰਜ ਡਾ, ਜਗਜੀਵਨ ਸਿੰਘ ਸੇਰਪੁਰ ਨੇ ਕੀਤਾ। ਉਹਨਾਂ ਕਿਹਾ ਕਿ ਲੋਕਾਂ ਨੇ ਵੇਖਿਆ ਹੈ ਕਿ ਕਿਵੇਂ ਸੰਵਿਧਾਨ ਨਿਰਮਾਤਾ ਡਾ.ਬੀ ਆਰ ਅੰਬੇਡਕਰ ਦਾ ਨਾਂ ਸੰਸਦ ਵਿਚ ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ ਕਰ ਕੇ ਲਿਆ ਗਿਆ। ਇਸ ਨਾਲ ਕਰੋੜਾਂ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ । ਉਹਨਾਂ ਕਿਹਾ ਕਿ ਗ੍ਰਹਿ ਮੰਤਰੀ ਦੇ ਬਿਆਨ ਨਾਲ ਸਮਾਜ ਦੇ ਦਬੇ ਕੁਚਲੇ ਲੋਕ ਜੋ ਡਾ. ਬੀ ਆਰ ਅੰਬੇਡਕਰ ਨੂੰ ਆਪਣੇ ਮੁਕਤੀ ਦਾਤਾ ਵਜੋਂ ਵੇਖਦੇ ਹਨ, ਉਹਨਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਹ ਬਾਬਾ ਸਾਹਿਬ ਨੂੰ ਅਜਿਹੀ ਸ਼ਖਸੀਅਤ ਮੰਨਦੇ ਹਨ ਜਿਹਨਾਂ ਨੇ ਉਹਨਾਂ ਨੂੰ ਸਮਾਜ ਵਿਚ ਸਮਾਨ ਅਧਿਕਾਰ ਦਿੱਤੇ ਜੋ ਕਈ ਸਦੀਆਂ ਤੋਂ ਉਹਨਾਂ ਨੂੰ ਨਹੀਂ ਮਿਲੇ ਸਨ। ਇਸ ਲਈ ਸਾਡੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੰਢਾ ਕਰਨ ਲਈ ਮੁਆਫੀ ਮੰਗਣੀ ਚਾਹੀਦੀ ਹੈ।

# ਖਾਲਸਾ ਕਾਲਜ ਮਹਿਤਾ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਕਰਵਾਇਆ





ਚੌਕ ਮਹਿਤਾ 20 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ) -ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਅਤੇ ਕਾਲਜੀਏਟ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਬਹਾਦਰੀ, ਬੇਮਿਸਾਲ ਸੂਰਬੀਰਤਾ ਅਤੇ ਮਹਾਨ ਕੁਰਬਾਨੀ ਬਾਰੇ ਜਾਗਰੂਕਤਾ ਪੈਦਾ ਕਰਦਿਆਂ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਦੇ ਮਨੋਰਥ ਲਈ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਵਿਦਿਆਰਥੀਆਂ ਨੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨਾਲ ਸੰਬੰਧਿਤ ਸ਼ਬਦ ਗਾਇਨ ,ਕਵੀਸ਼ਰੀ, ਕਵਿਤਾ ਅਤੇ ਭਾਸ਼ਣ ਪੇਸ਼ ਕੀਤੇ। ਇਸ ਅਵਸਰ 'ਤੇ ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ ਨੇ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵਿਦਿਆਰਥੀਆਂ ਨੂੰ ਸਾਹਿਬਜ਼ਾਦਿਆਂ ਵੱਲੋਂ ਦਰਸਾਏ ਆਦਰਸ਼ਾਂ 'ਤੇ ਚੱਲਣ ਲਈ ਕਿਹਾ ਅਤੇ ਨਾਲ ਹੀ ਉਹਨਾਂ ਦੀ ਤਰ੍ਹਾਂ ਦਲੇਰੀ, ਬਹਾਦਰੀ , ਵਿਸ਼ਵਾਸ ਤੇ ਮਜ਼ਬੂਤੀ ਨਾਲ ਖੜ੍ਹੇ ਹੋਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰ.ਸ.ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਮੈਡਮ ਕੁਲਦੀਪ ਕੌਰ,ਸ. ਸੁਖਦੇਵ ਸਿੰਘ, ਯਾਦਵਿੰਦਰ ਸਿੰਘ, ਸੁਖਜੀਤ ਸਿੰਘ ,ਮਨਜੀਤ ਕੌਰ,ਗੁਰਵਿੰਦਰ ਕੌਰ, ਗੁਰਸ਼ਰਨਜੀਤ ਕੌਰ, ਸੁਪਰੀਤ ਕੌਰ, ਨਵਨੀਤ ਕੌਰ ,ਰੁਪਿੰਦਰ ਕੌਰ, ਰਮਨਦੀਪ ਕੌਰ, ਪੂਰਤੀ ਸ਼ਰਮਾ,ਰੇਣੂਕਾ, ਅਮਨਦੀਪ ਕੌਰ ,ਰਿਤਿਕਾ,ਕਾਬਲ ਸਿੰਘ ਆਦਿ ਵੀ ਸ਼ਾਮਿਲ ਸਨ।

## ਪੁਲਿਸ ਚੌਕੀ ਬੱਸ ਸਟੈਂਡ ਵੱਲੋਂ ਮੋਟਰਸਾਈਕਲ ਚੋਰੀ ਕਰਨ ਵਾਲੇ ਕਾਬੂ



**ਚੌਕ ਮਹਿਤਾ, 20 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਇਹ ਮੁਕੱਦਮਾਂ ਮੁਦੱਈ ਜਸਕਰਨ ਪੁੱਤਰ ਜਗਜੀਤ ਸਿੰਘ ਵਾਸੀ ਗੁਰੂ ਨਾਨਕਪੁਰਾ, ਛੇਹਰਟਾ,ਅੰਮ੍ਰਿਤਸਰ ਵੱਲੋਂ ਦਰਜ਼ ਰਜਿਸਟਰ ਕਰਵਾਇਆ ਗਿਆ ਕਿ ਮਿਤੀ 18/19-12-2024 ਦੀ ਰਾਤ ਵਕਤ 02:00 ਵਜੇ ਮਹਾਂ ਸਿੰਘ ਗੇਟ ਲਾਗੇ ਆ ਰਿਹਾ ਸੀ, ਜਦ ਉਹ ਬਾਥਰੂਮ ਲਾਗੇ ਚੋਕ ਵਿੱਚ ਪੁਹੰਚਿਆ ਤਾ ਇੱਕ ਲੜਕਾ ਅਤੇ ਲੜਕੀ ਨੇ ਉਸਨੂੰ ਰੋਕਿਆ ਤੇ ਬਹਿਸ-ਬਾਜ਼ੀ ਕੀਤੀ ਜਦ ਇਹ ਬਾਹਿਸਬਾਜੀ ਕਰਨੋ ਨਾ ਹਟੇ ਤਾਂ ਉਹ ਡਰਦਾ ਹੋਇਆ, ਉੱਥੋ ਆਪਣੇ ਮੋਟਰਸਾਈਕਲ ਨੰਬਰੀ ਨੂੰ ਛੱਡ ਕੇ ਭੱਜ ਗਿਆ,ਕੁਝ ਦੇਰ ਬਾਅਦ ਆ ਕਿ ਵਾਪਸ ਆ ਦੇਖਿਆ ਤਾਂ ਉਸਦਾ ਮੋਟਰਸਾਈਕਲ ਉੱਥੇ ਨਹੀ ਸੀ, ਜੋ ਇਹ ਮੋਟਰਸਾਈਕਲ ਚੋਰੀ ਕਰਕੇ ਲੈ ਗਏ। ਜਿਸਤੇ ਮੁਕੱਦਮਾਂ ਦਰਜ਼ ਰਜਿਸਟਰ ਕੀਤਾ ਗਿਆ। ਮੁੱਖ ਅਫ਼ਸਰ ਥਾਣਾ ਏ-ਡਵੀਜ਼ਨ,ਅੰਮ੍ਰਿਤਸਰ, ਇੰਸਪੈਕਟਰ ਬਲਜਿੰਦਰ ਸਿੰਘ ਔਲਖ਼ ਦੀ ਨਿਗਰਾਨੀ ਹੇਠ ਇੰਚਾਂਰਜ਼ ਪੁਲਿਸ ਚੌਂਕੀ ਬੱਸ ਸਟੈਂਡ, ਏ.ਐਸ.ਆਈ ਕਪਿਲ ਸ਼ਰਮਾਂ ਦੀ ਪੁਲਿਸ ਪਾਰਟੀ ਏ.ਐਸ.ਆਈ ਗੁਰਮੀਤ ਸਿੰਘ ਸਮੇਤ ਸਾਥੀ ਕਰਮਚਾਰੀਆਂ ਵੱਲੋਂ ਮੁਕੱਦਮਾਂ ਦੀ ਜਾਂਚ ਹਰ ਐਂਗਲ ਤੋਂ ਕਰਨ ਤੇ ਮੋਟਰਸਾਈਕਲ ਚੋਰੀ ਕਰਨ ਵਾਲੇ 1.ਅਕਾਸ਼ਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਗਲੀ ਨੰਬਰ 05, ਨੇੜੇ ਸ਼੍ਰਿਸ਼ਟੀ ਗੈਸਟ ਹਾਊਸ,88 ਫੁੱਟ ਰੋਡ, ਅੰਮ੍ਰਿਤਸਰ ਅਤੇ 2.ਪ੍ਰਵੀਨ ਕੌਰ ਪੁੱਤਰੀ ਅਵਤਾਰ ਸਿੰਘ ਵਾਸੀ ਗਲੀ ਨੰਬਰ 05 ,ਨੇੜੇ ਸ਼੍ਰਿਸ਼ਟੀ ਗੈਸਟ ਹਾਊਸ,88 ਫੁੱਟ ਰੋਡ, ਅੰਮ੍ਰਿਤਸਰ ਨੂੰ ਕੁਝ ਹੀ ਘੰਟਿਆ ਅੰਦਰ ਕਾਬੂ ਕਰਕੇ ਇਹਨਾਂ ਪਾਸੋਂ ਮੁਦੱਈ ਦਾ ਚੋਰੀ ਕੀਤਾ ਮੋਟਰਸਾਈਕਲ ਵੀ ਬ੍ਰਾਮਦ ਕੀਤਾ ਗਿਆ।





# ਜਨਮ ਦਿਨ ਮੁਬਾਰਕ

**ਦਿਵਿਆ ਪੁੰਜ**

ਪਿਤਾ ਹਰਸ਼ ਪੁੰਜ
ਮਾਤਾ ਰਮਾ ਪੁੰਜ,
ਵਾਸੀ ਅੰਮ੍ਰਿਤਸਰ

# ਅਕਾਲੀ ਆਗੂਆ ਦੀ ਜਥੇਦਾਰਾਂ ਨਾਲ ਗੁੰਡਾਗਰਦੀ ਬਰਦਾਸ਼ਤ ਨਹੀਂ ਕਰਾਂਗੇ

ਆਵਾਜ਼ਿ ਕੌਮ AWAZE QAUM International Newspaper & WEB TV

ਐਮ.ਪੀ. ਭਾਈ ਸਰਬਜੀਤ ਸਿੰਘ ਖਾਲਸਾ

**ਫਰੀਦਕੋਟ,** 20 ਦਸੰਬਰ- ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ ਨੇ ਪਿਛਲੇ ਸਮੇਂ ਤੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਅਕਾਲੀ ਆਗੂਆਂ ਵੱਲੋਂ ਕੀਤੇ ਜਾ ਰਹੇ ਮਾੜੇ ਵਿਹਾਰ ਬਾਰੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਅਕਾਲੀ ਆਗੂ ਹੁਣ ਜਥੇਦਾਰ ਸਾਹਿਬਾਨ ਨਾਲ ਗੁੰਡਾਗਰਦੀ ਕਰਨ 'ਤੇ ਉੱਤਰ ਆਏ ਹਨ। ਉਨ੍ਹਾਂ ਕਿਹਾ ਕਿ ਅਕਾਲੀ ਆਗੂਆਂ ਵੱਲੋਂ ਆਮ ਲੋਕਾਂ ਨਾਲ ਕੀਤੀ ਜਾਂਦੀ ਗੁੰਡਾਗਰਦੀ ਦੀਆਂ ਅਨੇਕਾਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ ਪਰੰਤੂ ਮੌਜੂਦਾ ਸਮੇਂ ਜਥੇਦਾਰਾਂ ਨੂੰ ਸ਼ਿਕਾਰ ਬਣਾਉਣ ਲਈ ਕੀਤੀਆਂ ਜਾ ਰਹੀਆਂ ਕੋਝੀਆਂ ਕਾਰਵਾਈਆਂ ਕੌਮੀ ਸੰਕਟ ਬਣ ਚੁੱਕੀਆਂ ਹਨ।



ਐਮ.ਪੀ. ਭਾਈ ਖ਼ਾਲਸਾ ਨੇ ਕਿਹਾ ਕਿ ਜਥੇਦਾਰ ਸਹਿਬਾਨ ਸਮੁੱਚੀ ਕੌਮ ਦੇ ਜਥੇਦਾਰ ਹਨ ਇਸ ਲਈ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਉਹ ਜਥੇਦਾਰ ਸਾਹਿਬਾਨ ਦੇ ਨਾਲ ਖੜ੍ਹੇ ਹਨ ਅਤੇ ਸਮੁੱਚੀ ਸਿੱਖ ਕੌਮ ਨੂੰ ਵੀ ਅਕਾਲੀ ਆਗੂਆਂ ਦੀ ਗੁੰਡਾਗਰਦੀ ਰੋਕਣ ਲਈ ਆਪਣੇ ਜਥੇਦਾਰ ਸਾਹਿਬਾਨ ਦੇ ਹੱਕ ਵਿੱਚ ਇਕਜੁੱਟਤਾ ਨਾਲ ਖੜ੍ਹਨਾ ਚਾਹੀਦਾ ਹੈ।

Sarabjeetsinghkhalsa.maloya / +91 9815464748